ਮਹਾਨ ਆਗੂ ਸੀਰੀਜ਼

# ਕਨਫ਼ਿਊਸ਼ਸ



ਭਾਸ਼ਾ ਵਿਭਾਗ,ਪੰਜਾਬ

# ਕਨਫ਼ਿਊਸ਼ਸ

ਸੁਰਜੀਤ ਸਿੰਘ ਗਾਂਧੀ

**ਭਾਸ਼ਾ ਵਿਭਾਗ, ਪੰਜਾਬ**

**CONFUCIUS (in Punjabi)**

Surjeet Singh Gandhi

**ਕਨਫ਼ਿਊਸ਼ਸ**

ਸੁਰਜੀਤ ਸਿੰਘ ਗਾਂਧੀ

**© ਭਾਸ਼ਾ ਵਿਭਾਗ ਪੰਜਾਬ**

ਸਾਲ : 1991

ਕਾਪੀਆਂ : 5000

ਮੁੱਲ : 4/- ਰੁਪਏ

**ਪ੍ਰਕਾਸ਼ਕ** : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

**ਛਾਪਕ** : ਸੈਕੂਲਰ ਪ੍ਰਿੰਟਰਜ਼, ਨਾਮਦਾਰ ਖ਼ਾਂ ਰੋਡ, ਪਟਿਆਲਾ

**ਰਾਹੀ** : ਕੰਟਰੋਲਰ ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ, ਪੰਜਾਬ

# ਦੋ ਸ਼ਬਦ

ਬੱਚਿਆਂ ਨੂੰ ਮਹਾਨ ਆਗੂਆਂ, ਵਿਦਵਾਨਾਂ ਅਤੇ ਮਹਾਂਪੁਰਸ਼ਾਂ ਦੇ ਜੀਵਨ ਆਦਰਸ਼ਾਂ ਅਤੇ ਉਪਦੇਸ਼ਾਂ ਤੋਂ ਸੁਚੱਜਾ ਜੀਵਨ ਜਿਉਣ ਵਿਚ ਅਗਵਾਈ ਮਿਲਦੀ ਹੈ। ਇਸ ਮਨੋਰਥ ਨੂੰ ਮੁਖ ਰਖਦੇ ਹੋਏ ਭਾਸ਼ਾ ਵਿਭਾਗ, ਪੰਜਾਬ ਨੇ ਗਿਆਨ ਸਾਹਿਤ ਦੀ ਸਕੀਮ ਅਧੀਨ ਬੱਚਿਆਂ ਲਈ ਗਿਆਨ ਭਰਪੂਰ ਵਧੀਆ ਪੁਸਤਕਾਂ ਤਿਆਰ ਕਰਨ ਦਾ ਵਿਸ਼ੇਸ਼ ਕੰਮ ਹੱਥ ਵਿਚ ਲਿਆ ਹੈ।

ਪੁਸਤਕ 'ਕਨਫ਼ਿਊਸ਼ਸ' ਮਹਾਨ ਆਗੂ ਸੀਰੀਜ਼ ਦੀ ਹੀ ਇਕ ਕੜੀ ਹੈ। ਇਸ ਵਿਚ ਇਸ ਮਹਾਨ ਫਿਲਾਸਫਰ ਦੇ ਜੀਵਨ ਬਾਰੇ ਚਾਨਣਾ ਪਾਇਆ ਗਿਆ ਹੈ ਅਤੇ ਉਸ ਸਮੇਂ ਤੇ ਸਮਾਜ ਦੀ ਨਿੱਘਰੀ ਹਾਲਤ, ਸਰਕਾਰ ਦੀਆਂ ਗਲਤ ਕਾਰਵਾਈਆਂ ਬਾਰੇ ਦੱਸਦੇ ਹੋਏ ਚੰਗੇ ਸਮਾਜ ਦਾ ਸੰਕਲਪ, ਸਮਾਜ ਸੁਧਾਰ ਦੇ ਨਿਯਮ, ਸਹਿਜ ਅਤੇ ਨੈਤਿਕਤਾ ਬਾਰੇ ਬੜੇ ਸੁਚੱਜੇ ਢੰਗ ਨਾਲ ਜਾਣਕਾਰੀ ਦਿੱਤੀ ਗਈ ਹੈ। ਮੈਨੂੰ ਪੂਰਨ ਆਸ ਹੈ ਪਾਠਕ ਇਸ ਤੋਂ ਪੂਰਾ ਪੂਰਾ ਲਾਭ ਉਠਾਉਣਗੇ।

**ਰਾਜਿੰਦਰ ਸਿੰਘ**
ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ

# ਤਤਕਰਾ


| | ਪੰਨਾ ਨੰ. |
|---|---|
| 1. ਸਮਾਂ ਤੇ ਸਥਿਤੀ | 1 |
| 2. ਮੁੱਢਲਾ ਜੀਵਨ | 3 |
| 3. ਨਿਰਾਲਾ ਅਧਿਆਪਕ ਤੇ ਲਾਸਾਨੀ ਉਪਦੇਸ਼ਕ | 7 |
| 4. ਦਮਨਕਾਰੀ ਸਰਕਾਰ ਖ਼ੂਨੀ ਚੀਤੇ ਨਾਲੋਂ ਵਧੇਰੇ ਖ਼ੂਨਖ਼ਾਰ ਹੁੰਦੀ ਹੈ | 10 |
| 5. ਅਦੁੱਤੀ ਪ੍ਰਬੰਧ-ਕਰਤਾ ਦੇ ਰੂਪ ਵਿਚ | 11 |
| 6. ਕਨਫ਼ਿਊਸ਼ਸ ਦੇ ਅੰਤਲੇ ਦਿਨ | 14 |
| 7. ਉੱਤਮ ਮਨੁੱਖ ਦੀ ਸਿਰਜਨਾ | 18 |
| 8. ਕਨਫ਼ਿਊਸ਼ਸ ਦੇ ਸੰਕਲਪਾਂ ਦਾ ਸਮਾਜ | 21 |
| 9. ਸਰਕਾਰ ਸਬੰਧੀ ਕਨਫ਼ਿਊਸ਼ਸ ਦੀ ਵਿਚਾਰਧਾਰਾ | 24 |
| 10. ਸੁਧਾਈ ਦਾ ਨਿਯਮ | 30 |
| 11. ਕਨਫ਼ਿਊਸ਼ਸ ਦੇ ਅਨਮੋਲ ਵਚਨ | 34 |
| 12. ਸ਼ਾਸਕਾਂ ਅਤੇ ਰਿਆਇਆ ਦੇ ਪਰਸਪਰ ਸਬੰਧ | 36 |
| 13. ਅਤੀਤ ਅਤੇ ਵਰਤਮਾਨ ਕਾਲ | 38 |
| 14. ਸੱਚਾ ਗਿਆਨ | 39 |

ਕਾਂਡ ਪਹਿਲਾ

# ਸਮਾਂ ਤੇ ਸਥਿਤੀ

ਕਨਫ਼ਿਊਸ਼ਸ ਦਾ ਜੀਵਨ ਕਾਲ ਚੀਨੀ ਸੱਭਿਅਤਾ ਦੀ ਅਧੋਗਤੀ ਦਾ ਕਾਲ ਸੀ । ਜਾਗੀਰਦਾਰੀ ਜਿਸ ਦਾ ਸਥਾਪਤੀ ਚੁਉਂਵੰਸ਼ ਨੇ (1122 ਈ. ਤੋਂ 1977 ਪੂਰਵ ਈਸਵੀ) ਕੀਤੀ ਸੀ ਪਤਨ ਵਲ ਜਾ ਰਿਹਾ ਸੀ। ਕੇਂਦਰੀ ਸਰਕਾਰ ਕਮਜ਼ੋਰ ਹੋ ਚੁੱਕੀ ਸੀ ਅਤੇ ਵਿਰੋਧੀ ਤਾਕਤਾਂ ਵਧੇਰੇ ਜ਼ੋਰ ਪਕੜ ਰਹੀਆਂ ਸਨ । ਸਾਮੰਤ ਆਪੋ ਆਪਣੇ ਇਲਾਕਿਆਂ ਵਿਚ ਸੁਤੰਤਰ ਰੂਪ ਵਿਚ ਪ੍ਰਭੂ ਸੱਤਾ ਕਾਇਮ ਕਰਨ ਲਈ ਯਤਨਸ਼ੀਲ ਸਨ । ਇਸ ਦੌਰਾਨ ਉਨ੍ਹਾਂ ਵਿਚ ਆਪਣੇ ਇਲਾਕਿਆਂ ਨੂੰ ਆਕਾਰ ਵਿਚ ਵਧਾਉਣ ਦੀ ਵੀ ਲਾਲਸਾ ਉਤਪੰਨ ਹੋ ਚੁੱਕੀ ਸੀ, ਜਿਸ ਦੇ ਸਿੱਟੇ ਵਜੋਂ ਉਹ ਇਕ ਪਾਸੇ ਆਪਣੇ ਸਮਰਾਟ ਨੂੰ ਮਾਨਤਾ ਨਹੀਂ ਦਿੰਦੇ ਸਨ ਤੇ ਦੂਜੇ ਪਾਸੇ ਆਪਸ ਵਿਚ ਲੜਨ ਝਗੜਨ ਵਿਚ ਲੱਗੇ ਹੋਏ ਸਨ । ਸਾਮਰਾਜ ਵਿਚ ਹਰ ਪਾਸੇ ਅਰਾਜਕਤਾ ਦਾ ਬੋਲਬਾਲਾ ਸੀ । ਸ਼ਾਂਤੀ ਵਿਵਸਥਾ ਭੰਗ ਹੋ ਚੁੱਕੀ ਸੀ । ਆਪੋ ਧਾਪੀ ਪਈ ਹੋਈ ਸੀ ।

ਮੈਨਸੀਅਸ ਦੇ ਕਥਨ ਅਨੁਸਾਰ ਸੰਸਾਰ ਅਧੋਗਤੀ ਵਲ ਵਧੀ ਜਾ ਰਿਹਾ ਸੀ । ਸਰਕਾਰ ਨੈਤਿਕ ਤੌਰ ਤੇ ਗਿਰ ਚੁੱਕੀ ਸੀ । ਉਹ ਪਾਖੰਡਬਾਜ਼ੀ ਅਤੇ ਦਮਨਕਾਰੀ ਨੀਤੀ ਦਾ ਸਹਾਰਾ ਲਈ ਖੜੀ ਸੀ । ਉਸ ਸਮੇਂ ਕਈ ਮੰਤਰੀਆਂ ਨੇ ਆਪਣੇ ਬਾਦਸ਼ਾਹਾਂ ਨੂੰ ਕਤਲ ਕੀਤਾ ਅਤੇ ਪੁੱਤਰਾਂ ਨੇ ਆਪਣੇ ਪਿਉਆਂ ਨੂੰ ਮੌਤ ਦੇ ਘਾਟ ਉਤਾਰਿਆ। 770 ਤੋਂ 484 ਪੁ: ਈ. ਤਕ ਦੇ ਸਮੇਂ ਵਿਚ 36 ਬਾਦਸ਼ਾਹਾਂ ਦੇ ਕਤਲ ਹੋਏ। ਇਸ ਤੋਂ ਇਲਾਵਾ ਅਣਗਿਣਤ ਲੋਕਾਂ ਨੂੰ ਧਨ, ਸੱਤਾ ਜਾਂ ਚਮਖ਼ੁਸ਼ੀਆਂ ਲਈ ਕਤਲ ਕਰ ਦਿੱਤਾ ਗਿਆ । ਕਈ ਬਾਦਸ਼ਾਹਾਂ ਨੇ ਆਪਣੀਆਂ ਰਾਣੀਆਂ ਨੂੰ ਇਸ ਲਈ ਕਤਲ ਕੀਤਾ ਤਾਂ ਜੋ ਉਹ ਆਪਣੀਆਂ ਕਾਮਵਾਸ਼ਨਾਵਾਂ ਦੀ ਪੂਰਤੀ ਕਿਸੇ ਹੋਰ ਇਸਤਰੀ ਨਾਲ ਕਰ ਸਕਣ । ਇਸੇ ਤਰ੍ਹਾਂ ਕਈ ਰਾਣੀਆਂ ਨੇ ਵੀ ਆਪਣੇ ਪਤੀਆਂ ਨੂੰ ਮਰਵਾ ਦਿਤਾ । ਸਰਕਾਰੀ ਕੰਮਾਂ-ਕਾਜਾਂ ਵਲ ਧਿਆਨ ਦੇਣ ਦੀ ਬਜਾਏ ਸਰਕਾਰੀ ਅਧਿਕਾਰੀ ਨਿੱਜੀ ਐਸ਼ੋ-ਇਸ਼ਰਤ ਵਿਚ ਵਧੇਰੇ ਵਿਸ਼ਵਾਸ ਕਰਨ ਲਗ ਪਏ ਸਨ ।

ਇੱਥੇ ਹੀ ਬਸ ਨਹੀਂ ਸੀ ਸਿਆਸਤਦਾਨਾਂ ਅਤੇ ਜਾਗੀਰਦਾਰਾਂ ਨੇ ਆਪਣੇ ਆਪ ਨੂੰ ਇਕਜੁੱਟ ਵਿਚ ਸੰਗਠਿਤ ਕਰ ਰਖਿਆ ਸੀ ਅਤੇ ਆਪਣੇ ਸਾਂਝੇ ਹਿੱਤਾਂ ਨੂੰ ਸੁਰੱਖਿਅਤ ਕਰਨ ਲਈ ਜਨਤਾ ਦੇ ਹਿੱਤਾਂ ਨੂੰ ਲਤਾੜਨ ਤੋਂ ਵੀ ਸੰਕੋਚ ਨਹੀਂ ਕਰਦੇ ਸਨ । ਮਜ਼ਦੂਰਾਂ ਅਤੇ ਕਿਸਾਨਾਂ ਦਾ ਸ਼ੋਸ਼ਣ ਕਨਫ਼ਿਊਸ਼ਸ ਦੇ ਸਮਕਾਲੀ ਸਮਾਜ ਦਾ ਇਕ ਮੁਖ ਅੰਸ਼ ਸੀ ।

ਅਜਿਹੇ ਸਮਾਜ ਨੇ ਜਨਤਾ ਦੇ ਮਾਨਸਿਕ ਸੰਤੁਲਨ ਨੂੰ ਵੀ ਭੰਗ ਕੀਤਾ । ਅਜਿਹੇ ਲੀਡਰ ਅੱਗੇ ਆ ਗਏ ਜੋ ਇਹ ਦਲੀਲ ਦਿੰਦੇ ਨਹੀਂ ਸਨ ਥਕਦੇ ਕਿ ਸਦਗੁਣਾਂ ਦੇ ਆਧਾਰ ਤੇ

ਸਰਕਾਰ ਬਣ ਹੀ ਨਹੀਂ ਸਕਦੀ । ਉਨ੍ਹਾਂ ਅਨੁਸਾਰ ਸਦਗੁਣ ਨਾਮ ਦੀ ਵਾਸਤਵ ਵਿਚ ਕੋਈ ਵਸਤੂ ਹੀ ਨਹੀਂ ਸੀ । ਸੰਸਾਰਿਕ ਵਿਵਹਾਰਾਂ ਵਿਚ ਸਦਗੁਣਾਂ ਨੂੰ ਅਪਣਾਉਣਾ ਕੇਵਲ ਇਕ ਸੁਪਨਾ ਹੈ ਜਿਸ ਨੂੰ ਕਾਰਜ-ਰੂਪ ਨਹੀਂ ਦਿਤਾ ਜਾ ਸਕਦਾ । ਸਦਗੁਣਾਂ ਤੇ ਨੈਤਿਕ ਨਿਯਮਾਂ ਤੇ ਆਧਾਰਿਤ ਸਰਕਾਰ ਬਣਾਉਣ ਵਾਲੀ ਗੱਲ ਕੇਵਲ ਇਕ ਆਦਰਸ਼ਕ ਕਲਪਨਾ ਹੈ, ਇਸ ਤੋਂ ਵੱਧ ਕੁਝ ਨਹੀਂ । ਅਜਿਹੇ ਵਿਚਾਰ ਵਾਲੇ ਵਿਅਕਤੀ ਉਸ ਰਾਜ ਦੇ ਪ੍ਰਸ਼ੰਸਕ ਸਨ, ਜੋ ਇਲਾਕੇ ਜਿੱਤੇ, ਜਿਸ ਦੀ ਸੈਨਾ ਪ੍ਰਬਲ ਹੋਵੇ, ਜੋ ਵਪਾਰਿਕ ਖੇਤਰ ਵਿਚ ਪ੍ਰਮੁੱਖਤਾ ਕਾਇਮ ਕਰੇ ਜਿਸ ਦਾ ਕੋਸ਼ ਸਦਾ ਭਰਿਆ ਰਹੇ । ਜਨਤਾ ਦੇ ਕਲਿਆਣ ਲਈ ਕੋਈ ਠੋਸ ਕਦਮ ਚੁਕਣੇ ਅਤੇ ਉਨ੍ਹਾਂ ਨੂੰ ਸਦਗੁਣੀ ਬਣਾਉਣਾ ਇਹ ਸਭ ਕੁਝ ਉਨ੍ਹਾਂ ਦੇ ਰਾਜ ਤੇ ਸਰਕਾਰ ਪ੍ਰਤੀ ਸੰਕਲਪਾਂ ਦੇ ਦਾਇਰੇ ਵਿਚ ਨਹੀਂ ਸੀ ਆਉਂਦਾ ।

ਕਈ ਅਜਿਹੇ ਵਿਚਾਰਕ ਵੀ ਸਨ ਜੋ ਰਾਜ ਅਤੇ ਸਰਕਾਰ ਦੀਆਂ ਸੰਸਥਾਵਾਂ ਨੂੰ ਸਮਾਪਤ ਕਰਨ ਵਿਚ ਹੀ ਚੀਨ ਦਾ ਭਲਾ ਸਮਝਦੇ ਸਨ । ਇਨ੍ਹਾਂ ਵਿਚਾਰਕਾਂ ਵਿਚ ਸਭ ਤੋਂ ਵਧ ਕੀਰਤੀਮਾਨ ਲਾਉਜ਼ੇ (Laotze) ਦਾ ਸੀ । ਉਹ ਰਾਜ ਅਤੇ ਸਰਕਾਰ ਦੀਆਂ ਸੰਸਥਾਵਾਂ ਨੂੰ ਖ਼ਤਮ ਕਰਨ ਤੋਂ ਇਲਾਵਾ, ਪ੍ਰਚੱਲਿਤ ਸਮਾਜਕ ਰਚਨਾਵਾਂ ਅਤੇ ਨੈਤਿਕ ਵਿਚਾਰਾਂ ਦਾ ਵੀ ਅੰਤ ਚਾਹੁੰਦਾ ਸੀ । ਅਜਿਹੇ ਵਿਚਾਰ ਨੂੰ ਅਜੋਕੀ ਸ਼ਬਦਾਵਲੀ ਵਿਚ ਨਿਹਿਲਿਸਟਸ (Nihilists) ਕਹਿੰਦੇ ਹਨ। ਵਿਚਾਰਕਾਂ ਦਾ ਇਕ ਹੋਰ ਵਰਗ ਵੀ ਉਸ ਸਮੇਂ ਦੇ ਸਮਕਾਲੀ ਚੀਨ ਤੇ ਬੜਾ ਪ੍ਰਭਾਵਸ਼ਾਲੀ ਸੀ ਅਤੇ ਉਹ ਵੀ ਉਨ੍ਹਾਂ ਵਿਰਕਤਾਂ ਦਾ ਜੋ ਸਮਕਾਲੀ ਬਹੁਪੱਖੀ ਅਧੋਗਤੀ ਦੇ ਸਾਹਮਣੇ ਹੌਂਸਲਾ ਹਾਰ ਚੁਕੇ ਸਨ ਅਤੇ ਸੰਸਾਰ ਤਿਆਗ ਕੇ ਇਕਲਵਾਂਜੇ ਬੈਠ ਕੇ ਜ਼ਿੰਦਗੀ ਗੁਜ਼ਾਰਨ ਦੇ ਸਮਰੱਥਕ ਸਨ । ਉਨ੍ਹਾਂ ਨੂੰ ਇਹ ਵਿਸ਼ਵਾਸ ਹੋ ਚੁਕਾ ਸੀ ਕਿ ਚੀਨੀ ਸਮਾਜ ਹੁਣ ਇੰਨਾ ਨਿੱਘਰ ਹੋ ਚੁੱਕਾ ਹੈ ਕਿ ਇਸ ਨੂੰ ਹੁਣ ਪ੍ਰਗਤੀ ਦੇ ਰਾਹ ਤੇ ਪਾਉਣਾ ਅਸੰਭਵ ਹੈ । ਇਨ੍ਹਾਂ ਦੀ ਹਾਲਤ ਉਸ ਤਰ੍ਹਾਂ ਦੀ ਸੀ, ਜਿਵੇਂ ਗੁਰੂ ਨਾਨਕ ਸਾਹਿਬ ਦੇ ਸਮੇਂ ਭਾਰਤ ਵਿਚ ਜੋਗੀਆਂ ਦੀ ਸੀ ਜੋ ਮਾਯੂਸ ਹੋ ਕੇ ਹਿਮਾਲਿਆ ਪਰਬਤ ਵਿਚ ਆਪਣਾ ਜੀਵਨ ਬਿਤਾਉਣ ਲੱਗ ਪਏ ਸਨ ਅਤੇ ਸੰਸਾਰ ਨਾਲੋਂ ਆਪਣਾ ਨਾਤਾ ਬਿਲਕੁਲ ਤੋੜ ਚੁਕੇ ਸਨ । ਅਜਿਹੇ ਲੋਕਾਂ ਦੇ ਪ੍ਰਭਾਵ ਹੇਠ ਚੀਨੀ ਸਮਾਜ ਨੇ ਹੋਰ ਤੇਜ਼ੀ ਨਾਲ ਨਿਘਰਨਾ ਸ਼ੁਰੂ ਕਰ ਦਿੱਤਾ ਸੀ ।

********

ਕਾਂਡ ਦੂਜਾ

# ਮੁਢਲਾ ਜੀਵਨ

ਅੱਜ ਤੋਂ ਕਈ ਸਦੀਆਂ ਪਹਿਲਾਂ ਚੀਨ ਦੇ ਇਕ ਲੂ ਨਾਂ ਦੇ ਰਾਜ ਵਿਚ ਕਨਫ਼ਿਊਸ਼ਸ ਦਾ ਜਨਮ ਹੋਇਆ । ਉਸਦਾ ਪਿਤਾ ਸ਼ੂਹ-ਲਿਆਂਗ ਹੇ (Shu-Liang hai) ਤਸੋ (Tsow) ਨਾਂ ਦੇ ਜ਼ਿਲ੍ਹੇ ਦਾ ਇਕ ਉੱਚ ਅਧਿਕਾਰੀ ਅਤੇ ਯਸ਼ਮਦੀ ਵਿਅਕਤੀ ਸੀ। ਉਸ ਦੀਆਂ ਕੇਵਲ ਲੜਕੀਆਂ ਹੀ ਸਨ ਅਤੇ ਕਾਫ਼ੀ ਵਡੇਰੀ ਉਮਰ ਤਕ ਉਸ ਨੂੰ ਸਪੁੱਤਰ ਦੀ ਦਾਤ ਨਸੀਬ ਨਹੀਂ ਹੋ ਸਕੀ ਸੀ । ਇਸ ਘਾਟ ਨੂੰ ਪੂਰਾ ਕਰਨ ਹਿਤ ਉਸ ਨੇ 70 ਸਾਲ ਦੀ ਉਮਰ ਵਿਚ ਦੁਬਾਰਾ ਸ਼ਾਦੀ ਕੀਤੀ ਜਿਸ ਦੇ ਫਲਸਰੂਪ ਉਸ ਨੂੰ ਮਨ ਇੱਛਤ ਸਪੁੱਤਰ ਦੀ ਦਾਤ ਪ੍ਰਾਪਤ ਹੋਈ ਜਿਸ ਦਾ ਨਾਂ ਕਨਫ਼ਿਊਸ਼ਸ ਰਖਿਆ । ਇਕ ਰਵਾਇਤ ਅਨੁਸਾਰ ਕਨਫ਼ਿਊਸ਼ਸ ਦੀ ਮਾਤਾ ਚਿੰਗ ਸਾਏ (Ching Tsai) ਨੇ ਪੁੱਤਰ ਦੀ ਦਾਤਾ ਲਈ ਬੇਅੰਤ ਪ੍ਰਾਰਥਨਾਵਾਂ ਕੀਤੀਆਂ, ਦੇਵਤਿਆਂ ਨੂੰ ਧਿਆਇਆ, ਕਈ ਪ੍ਰਕਾਰ ਦੀਆਂ ਭੇਂਟਾਵਾਂ ਅਰਪਨ ਕੀਤੀਆਂ। ਇਕ ਰਾਤ ਉਸ ਨੂੰ ਸੁਪਨੇ ਵਿਚ ਇਕ ਦੇਵਤਾ ਮਿਲਿਆ ਤੇ ਉਸ ਨੇ ਵਰ ਦਿੱਤਾ—“ਤੁਹਾਡੇ ਘਰ ਸਪੁੱਤਰ ਹੋਵੇਗਾ ਜੋ ਮਹਾਂਪੁਰਸ਼ ਬਣੇਗਾ । ਜਾਓ ਉਸ ਨੂੰ ਸ਼ਹਿਤੂਤ ਦੇ ਬਿਰਛਾਂ ਦੀ ਛਾਂਵੇਂ ਜਨਮ ਦੇਣਾ ।” ਜਦੋਂ ਸ਼ੂਹ ਲਿਆਂਗ ਨੂੰ ਆਪਣੀ ਪਤਨੀ ਪਾਸੋਂ ਇਸ ਗੱਲ ਦਾ ਪਤਾ ਲੱਗਿਆ ਤਾਂ ਉਸ ਨੇ ਝੱਟ ਇਕ ਗਾਰ ਨੂੰ ਜਿਸ ਦੇ ਨਿਕਟ ਸ਼ਹਿਤੂਤ ਦੇ ਦਰਖ਼ਤਾਂ ਦਾ ਝੁੰਡ ਸੀ, ਲੱਭਿਆ ਅਤੇ ਉਥੇ ਆਪਣੀ ਪਤਨੀ ਨੂੰ ਲੈ ਗਿਆ ਤਾਂ ਜੋ ਉਹ ਦੇਵਤੇ ਦੀ ਹਦਾਇਤ ਅਨੁਸਾਰ ਬੱਚੇ ਨੂੰ ਜਨਮ ਦੇ ਸਕੇ ।

ਕਹਿੰਦੇ ਹਨ ਕਿ ਜਦੋਂ ਬੱਚਾ ਮਾਂ ਦੇ ਉਦਰ ਵਿਚੋਂ ਬਾਹਰ ਆਇਆ ਤਾਂ ਵੱਡੀ ਸੰਖਿਆ ਵਿਚ ਦੇਵੀ ਦੇਵਤੇ ਗਾਰ ਦੇ ਦਰਵਾਜ਼ੇ ਤੇ ਪ੍ਰਣਾਮ ਕਰਨ ਲਈ ਆ ਕੇ ਖੜ੍ਹੇ ਹੋ ਗਏ ਅਤੇ ਉਨ੍ਹਾਂ ਕਈ ਪ੍ਰਕਾਰ ਦੀਆਂ ਸੁਗੰਧਮਈ ਚੀਜ਼ਾਂ ਦੀ ਵਰਤੋਂ ਕਰਕੇ ਵਾਤਾਵਰਨ ਵਿਚ ਖ਼ੁਸ਼ਬੂ ਖਿਲਾਰ ਦਿੱਤੀ । ਮਧੁਰ ਸੰਗੀਤ ਦੀ ਧੁਨੀ ਮਾਂ ਦੇ ਕੰਨਾਂ ਵਿਚ ਪਈ ਅਤੇ ਨਾਲ ਹੀ ਇਕ ਆਵਾਜ਼ ਆਈ “ਪਾਵਨ ਸਪੁੱਤਰ ਦੇ ਜਨਮ ਲੈਣ ਤੇ ਸਵਰਗ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਮਧੁਰ ਧੁਨੀਆਂ ਉਸ ਚਾਅ ਦਾ ਪ੍ਰਤੀਕ ਹਨ ।” ਬੱਚੇ ਦੇ ਸਰੀਰ ਤੇ 49 ਨਿਸ਼ਾਨਾਂ ਤੋਂ ਇਲਾਵਾ ਇਹ ਸ਼ਬਦ ਵੀ ਉਕਰੇ ਹੋਏ ਸਨ ਕਿ ਉਹ ਨਵੀਨ ਨਿਯਮਾਂ ਦਾ ਨਿਰਮਾਣ ਕਰੇਗਾ ਅਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਲੱਭੇਗਾ ।” ਗਾਰ ਵਿਚ ਇਕ ਪਾਣੀ ਦਾ ਚਸ਼ਮਾ ਆਪਣੇ ਆਪ ਫੁਟ ਪਿਆ ਅਤੇ ਇਕ ਯੂਨੀਕਾ (unicorn) ਤੇ ਸ੍ਰਿੰਗ ਨਾਂ ਦੇ ਕਲਪਿਤ ਪਸ਼ੂ ਨੇ ਇਕ ਪਲੇਟ ਲਿਆਂਦੀ ਜਿਸ ਉਤੇ ਉਕਰਿਆ ਹੋਇਆ ਸੀ, ਪੌਣ ਪਾਣੀ ਦਾ

ਸਪੁੱਤਰ ਬਹੁਤ ਮਾਣ ਪ੍ਰਾਪਤ ਕਰੇਗਾ ਅਤੇ ਸਮਾਂ ਬੀਤਣ ਨਾਲ ਲੋਕ ਉਸ ਨੂੰ ਬੇਤਾਜ ਬਾਦਸ਼ਾਹ ਮੰਨਣਗੇ ।

ਉਪਰੋਕਤ ਵਰਣਿਤ ਰਵਾਇਤਾਂ ਵਿਚ ਭਾਵੇਂ ਅਸੀਂ ਯਕੀਨ ਨਾ ਵੀ ਕਰੀਏ ਤਾਂ ਵੀ ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਕਨਫ਼ਿਊਸ਼ਸ ਸਾਧਾਰਨ ਬੱਚਾ ਨਹੀਂ ਸੀ। ਉਹ ਬਚਪਨ ਤੋਂ ਹੀ ਲਾਸਾਨੀ ਪ੍ਰਤਿਭਾ ਦਾ ਮਾਲਕ ਸੀ ।

ਉਹ ਅਜੇ ਤਿੰਨ ਸਾਲ ਦੇ ਹੀ ਸਨ ਕਿ ਉਨ੍ਹਾਂ ਦੇ ਪਿਤਾ ਇਸ ਸੰਸਾਰ ਤੋਂ ਚਲਾਣਾ ਕਰ ਗਏ। ਪਰਿਵਾਰ ਤੇ ਮੁਸੀਬਤਾਂ ਦਾ ਪਹਾੜ ਟੁੱਟ ਪਿਆ। ਇਕ ਪਾਸੇ ਗਰੀਬੀ ਨੇ ਅਤੇ ਦੂਜੇ ਪਾਸੇ ਰਿਸ਼ਤੇਦਾਰਾਂ ਵਲੋਂ ਈਰਖਾਲੂ ਵਿਵਹਾਰ ਨੇ ਪਰਿਵਾਰ ਲਈ ਜਿਊਣਾ ਮੁਸ਼ਕਿਲ ਕਰ ਦਿੱਤਾ। ਅਜਿਹੇ ਬਿਖੜੇ ਸਮੇਂ ਵਿਚ ਕਨਫ਼ਿਊਸ਼ਸ ਅਡੋਲ-ਚਿੱਤ ਰਹੇ ਅਤੇ ਉਨ੍ਹਾਂ ਨੇ ਸਾਹਸ ਤੇ ਵੀਰਤਾ ਸਹਿਤ ਸਭ ਕੁਝ ਸਹਿਣ ਕੀਤਾ। ਉਨ੍ਹਾਂ ਨੂੰ ਬਾਲ ਅਵਸਥਾ ਵਿਚ ਹੀ ਪੇਟ ਪਾਲਣ ਲਈ ਸਖ਼ਤ ਮੁਸ਼ੱਕਤ ਕਰਨੀ ਪਈ ਪਰੰਤੂ ਉਨ੍ਹਾਂ ਨੇ ਇਹ ਸਭ ਕੁਝ ਖਿੜੇ ਮੱਥੇ ਪ੍ਰਵਾਨ ਕੀਤਾ ਅਤੇ ਕਦੇ ਵੀ ਨਿਰਾਸ਼ ਨਹੀਂ ਹੋਏ। ਉਨ੍ਹਾਂ ਨੇ ਚੀਨੀ ਸਮਾਜ ਨੂੰ ਨੇੜੇ ਤੋਂ ਘੋਖਿਆ। ਉਨ੍ਹਾਂ ਨੇ ਇਸ ਦੇ ਦੋਸ਼ਾਂ ਅਤੇ ਗੁਣਾਂ ਨੂੰ ਸਮਝਿਆ ਅਤੇ ਇਸ ਨੂੰ ਸੁਧਾਰਨ ਲਈ ਉਨ੍ਹਾਂ ਦੇ ਮਨ ਵਿਚ ਖ਼ਾਹਿਸ਼ ਪੈਦਾ ਹੋਈ। ਇਸ ਇੱਛਾ ਨੂੰ ਕਾਰਜ ਰੂਪ ਦੇਣ ਲਈ ਉਨ੍ਹਾਂ ਨੇ ਮੁਕੰਮਲ ਗਿਆਨ ਦੀ ਪ੍ਰਾਪਤੀ ਲਈ ਯਤਨ ਕਰਨੇ ਸ਼ੁਰੂ ਕਰ ਦਿੱਤੇ। ਵਾਸਤਵ ਵਿਚ ਉਨ੍ਹਾਂ ਦੀ ਧਾਰਨਾ ਸੀ ਕਿ ਗਿਆਨ ਇਕ ਰਾਹ ਹੈ ਅਤੇ ਮੰਜ਼ਿਲ ਚੀਨ ਵਿਚ ਸੁਖੀ ਸਮਾਜ ਦਾ ਨਿਰਮਾਣ ਕਰਨਾ ਸੀ ।

ਉੱਨੀਵੇਂ ਸਾਲ ਵਿਚ ਉਨ੍ਹਾਂ ਦੀ ਸ਼ਾਦੀ ਹੋ ਗਈ। ਉਨ੍ਹਾਂ ਦੇ ਘਰ ਇਕ ਪੁੱਤਰ ਤੇ ਦੋ ਲੜਕੀਆਂ ਨੇ ਜਨਮ ਲਿਆ। ਪਰੰਤੂ ਵਿਆਹ ਤੋਂ ਬਾਅਦ ਵੀ ਉਨ੍ਹਾਂ ਦੀਆਂ ਮੂਲ ਧਾਰਾਵਾਂ ਅਤੇ ਗਤੀ-ਵਿਧੀਆਂ ਵਿਚ ਕੋਈ ਫ਼ਰਕ ਨਾ ਪਿਆ। ਜਿਉਂ ਜਿਉਂ ਸਮਾਂ ਬੀਤਦਾ ਗਿਆ, ਉਨ੍ਹਾਂ ਵਿਚ ਗਿਆਨ ਪ੍ਰਾਪਤੀ ਦੀ ਇੱਛਾ ਵਧੇਰੇ ਪ੍ਰਬਲ ਤੇ ਪ੍ਰਚੰਡ ਹੁੰਦੀ ਗਈ। ਇਸ ਦੇ ਨਾਲ ਨਾਲ ਉਨ੍ਹਾਂ ਵਿਚ ਇਕ ਹੋਰ ਸੋਚ ਵੀ ਜ਼ੋਰ ਪਕੜਦੀ ਗਈ ਕਿ ਉਹ ਇਕ ਆਦਰਸ਼ਕ ਪ੍ਰਬੰਧਕ ਬਣਨ ।

ਵਿਆਹ ਤੋਂ ਥੋੜ੍ਹੀ ਦੇਰ ਪਿੱਛੋਂ ਉਨ੍ਹਾਂ ਨੂੰ ਮੋਦੀਖਾਨੇ ਦੇ ਇੰਚਾਰਜ ਦੀ ਸਰਕਾਰੀ ਨੌਕਰੀ ਮਿਲ ਗਈ । ਇਸ ਤੋਂ ਥੋੜ੍ਹੀ ਦੇਰ ਬਾਅਦ ਉਨ੍ਹਾਂ ਨੂੰ ਤਰੱਕੀ ਦੇ ਕੇ ਸਰਕਾਰੀ ਪੱਤ੍ਰਿਕਾ ਅਤੇ ਪਸ਼ੂਆਂ ਦੇ ਰੇਵੜਾਂ ਦਾ ਨਿਰੀਖਿਅਕ ਨਿਯੁਕਤ ਕਰ ਦਿੱਤਾ ਜਿਸ ਕਰਕੇ ਉਨ੍ਹਾਂ ਨੂੰ ਪ੍ਰਬੰਧਕੀ ਮਸ਼ੀਨਰੀ ਨੇੜਿਉਂ ਵੇਖਣ ਦਾ ਮੌਕਾ ਮਿਲ ਗਿਆ। ਉਨ੍ਹਾਂ ਨੇ ਬੜੀ ਈਮਾਨਦਾਰੀ ਤੇ ਸਿਆਣਪ ਨਾਲ ਕੰਮ ਕੀਤਾ, ਫਿਰ ਵੀ ਉੱਚ ਅਧਿਕਾਰੀ ਖੁਸ਼ ਨਾ ਹੋਏ ਕਿਉਂਕਿ ਉਹ ਉਨ੍ਹਾਂ ਦੀਆਂ ਅਯੋਗ ਮੰਗਾਂ ਦੀ ਪੂਰਤੀ ਨਹੀਂ ਕਰਦੇ ਸੀ, ਨਾ ਉਨ੍ਹਾਂ ਨੂੰ ਵੱਢੀ ਮਿਲਦੀ ਸੀ ਤੇ ਨਾ ਹੀ ਉਨ੍ਹਾਂ ਦੀ ਖੁਸ਼ਾਮਦ ਹੁੰਦੀ ਸੀ । ਭ੍ਰਿਸ਼ਟਾਚਾਰ ਅਤੇ ਬੇਇਨਸਾਫ਼ੀ ਦੇ ਬੋਲ ਬਾਲੇ ਨੂੰ ਵੇਖ ਕੇ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ । ਉਨ੍ਹਾਂ ਦੇ ਸਾਹਮਣੇ ਹੁਣ ਇਹ ਸਮੱਸਿਆ ਸੀ ਕਿ ਸੁਧਾਰ ਕਿਵੇਂ ਲਿਆਂਦਾ ਜਾਵੇ ? ਇਸ ਸਮੱਸਿਆ ਨੂੰ ਹੱਲ ਕਰਨ ਲਈ ਪ੍ਰਚੱਲਿਤ ਵਿਚਾਰਧਾਰਾਵਾਂ ਨੂੰ

ਵਿਚਾਰਨਾ ਅਤੇ ਨਵੀਂ ਵਿਚਾਰਧਾਰਾ ਨੂੰ ਲੋਕਾਂ ਸਾਹਮਣੇ ਲਿਆਉਣਾ ਜ਼ਰੂਰੀ ਸੀ । ਇਕ ਵਿਦਵਾਨ ਉਨ੍ਹਾਂ ਦਾ ਸਮਕਾਲੀ ਸੀ । ਲਾਉਜ਼ੇ ਦੀ ਵਿਚਾਰਧਾਰਾ ਉਨ੍ਹਾਂ ਨੂੰ ਕਈ ਵਾਰ ਜੱਚਦੀ ਨਹੀਂ ਸੀ, ਕਿਉਂਕਿ ਇਸ ਵਿਚ ਅਣਡਿੱਠ ਦੈਵੀ ਸ਼ਕਤੀ ਨੂੰ ਸੰਸਾਰ ਦੇ ਸਮੂਹ ਕਾਰਜਾਂ ਦਾ ਕਾਰਕ ਤੇ ਸੰਚਾਲਕ ਮੰਨਿਆ ਗਿਆ ਸੀ । ਕਨਫ਼ਿਊਸ਼ਸ ਦਾ ਨਿਸ਼ਚਾ ਸੀ ਕਿ ਅਜਿਹਾ ਵਿਸ਼ਵਾਸ ਕੁਝ ਸਮੇਂ ਲਈ ਤਾਂ ਲਾਭਦਾਇਕ ਸਿੱਧ ਹੋ ਸਕਦਾ ਹੈ ਪਰੰਤੂ ਜਨ-ਸਮੂਹ ਦੀ ਸਦੀਵੀ ਉੱਨਤੀ ਲਈ ਇਹ ਆਧਾਰ ਭਰੋਸੇਯੋਗ ਨਹੀਂ ਹੈ। ਲਉਜ਼ੇ ਰਾਜ, ਸਰਕਾਰ ਅਤੇ ਹੋਰ ਸਮਾਜ ਦੀਆਂ ਸੰਸਥਾਵਾਂ ਨੂੰ ਬੇਲੋੜਾ ਸਮਝਦਾ ਸੀ, ਕਿਉਂਕਿ ਉਹ ਦੈਵੀ ਸ਼ਕਤੀ ਦੇ ਪ੍ਰਚਲਨ ਵਿਚ ਇਨ੍ਹਾਂ ਨੂੰ ਰੁਕਾਵਟ ਮੰਨਦਾ ਸੀ। ਪਰੰਤੂ ਕਨਫ਼ਿਊਸ਼ਸ ਇਸ ਧਾਰਨਾ ਨੂੰ ਪ੍ਰਵਾਨ ਕਰਨ ਲਈ ਤਿਆਰ ਨਹੀਂ ਸਨ। ਉਨ੍ਹਾਂ ਦੇ ਵਿਚਾਰ ਅਨੁਸਾਰ ਲੋੜੀਂਦੀਆਂ ਸੰਸਥਾਵਾਂ ਤੋਂ ਬਿਨਾਂ ਕੋਈ ਵੀ ਵਿਚਾਰ ਨਾ ਸਪਸ਼ਟ ਹੈ, ਨਾ ਬਲ ਪਕੜਦਾ ਹੈ ਤੇ ਨਾ ਹੀ ਫੈਲ ਸਕਦਾ ਹੈ ।

ਵਿਰਕਤਾ ਤੇ ਵਿਚਾਰ ਵੀ ਉਨ੍ਹਾਂ ਨੂੰ ਨਿਗੂਣੇ ਲਗਦੇ ਸਨ । ਅਜਿਹੇ ਵਿਚਾਰ ਵਾਲੇ ਲੋਕਾਂ ਦੇ ਤਾਂ ਉਹ ਸਖ਼ਤ ਖਿਲਾਫ਼ ਸਨ । ਇਕ ਦਿਨ ਦੀ ਗੱਲ ਹੈ ਕਿ ਕਨਫ਼ਿਊਸ਼ਸ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਨ ਲਈ ਦੌਰਾ ਕਰ ਰਹੇ ਸੀ । ਇਕ ਥਾਂ ਤੇ ਉਨ੍ਹਾਂ ਨੇ ਵੇਖਿਆ ਕਿ ਦੋ ਕਿਸਾਨ ਇਕ ਖੇਤ ਵਿਚ ਕੰਮ ਕਰ ਰਹੇ ਹਨ। ਉਨ੍ਹਾਂ ਨੇ ਆਪਣੇ ਇਕ ਸ਼ਿਸ਼ ਨੂੰ ਰਾਹ ਪੁੱਛਣ ਲਈ ਉਨ੍ਹਾਂ ਪਾਸ ਭੇਜਿਆ। ਉਨ੍ਹਾਂ ਦੋਹਾਂ ਨੇ ਉਸ ਦੀ ਬੁਰੀ ਗਤ ਬਣਾਈ ਅਤੇ ਕਨਫ਼ਿਊਸ਼ਸ ਦੇ ਵਿਚਾਰਾਂ ਦਾ ਘੋਰ ਖੰਡਨ ਕੀਤਾ ਤੇ ਨਾਲ ਹੀ ਕਿਹਾ ਕਿ ਉਹ ਤਾਂ ਕਿਸੇ ਉੱਚ ਸਰਕਾਰੀ ਪਦ ਦੀ ਭਾਲ ਵਿਚ ਹੈ । ਇਸ ਲਈ ਕਦਾਚਿਤ ਨਹੀਂ ਹੋ ਸਕਦਾ ਕਿ ਉਹ ਅਜੋਕੀ ਵਿਗੜੀ ਦਸ਼ਾ ਨੂੰ ਸੁਧਾਰ ਸਕੇ । ਉਨ੍ਹਾਂ ਵਿੱਚੋਂ ਇਕ ਬੋਲਿਆ 'ਹਰ ਤਰਫ਼ ਅਸ਼ਾਂਤੀ ਅਤੇ ਅਵਿਵਸਥਾ ਦਾ ਵਾਤਾਵਰਨ ਹੈ, ਉਹ ਕਿਵੇਂ ਉਸ ਅਜਿਹੀ ਅਵਸਥਾ ਨੂੰ ਸੁਧਾਰ ਸਕਦਾ ਹੈ ।” ਉਹ ਸਾਡੇ ਵਾਂਗ ਇਕ ਪਾਸੇ ਬੈਠ ਕੇ ਮੰਮਣ ਕਿਉਂ ਨਹੀਂ ਕਰਦਾ । ਇਹ ਕਹਿਣ ਪਿੱਛੋਂ, ਉਨ੍ਹਾਂ ਦੋਹਾਂ ਨੇ ਉੱਕਾ ਹੀ ਚੁਪ ਸਾਧ ਲਈ ਸ਼ਿਸ਼ ਬੜਾ ਹੈਰਾਨ ਹੋਇਆ । ਉਸ ਨੇ ਇਹ ਸਾਰੀ ਵਿਥਿਆ ਆਪਣੇ ਗੁਰੂ ਕਨਫ਼ਿਊਸ਼ਸ ਨੂੰ ਜਾ ਸੁਣਾਈ। ਇਨ੍ਹਾਂ ਨੇ ਕੁਝ ਚਿਰ ਸੋਚਿਆ ਤੇ ਫਿਰ ਆਖਿਆ “ਮੈਂ ਪੰਛੀਆਂ ਅਤੇ ਪਸ਼ੂਆਂ ਦੀ ਸੰਗਤ ਨਹੀਂ ਕਰ ਸਕਦਾ । ਜੇ ਮੈਂ ਆਪਣੇ ਸਾਥੀ ਮਨੁੱਖਾਂ ਨਾਲ ਹੀ ਨਹੀਂ ਮਿਲਦਾ ਜੁਲਦਾ, ਫਿਰ ਮੈਂ ਹੋਰ ਕਿਸ ਨਾਲ ਮਿਲਾਂ । ਜੇ ਚੀਨੀ ਸਮਾਜ ਵਿਚ ਸ਼ਾਂਤੀ ਵਿਵਸਥਾ ਹੁੰਦੀ ਤਾਂ ਮੈਨੂੰ ਕੀ ਲੋੜ ਸੀ ਕਿ ਮੈਂ ਉਸ ਨੂੰ ਬਦਲਣ ਲਈ ਯਤਨਸ਼ੀਲ ਹੁੰਦਾ ?”

ਇਕ ਦਿਨ ਫਿਰ ਉਹ ਹੀ ਸ਼ਿਸ਼ ਕਨਫ਼ਿਊਸ਼ਸ ਨਾਲ ਚਲਦਾ ਚਲਦਾ ਪਿੱਛੇ ਰਹਿ ਗਿਆ। ਉਸ ਨੂੰ ਫਿਰ ਇਕ ਬਿਰਧ ਕਿਸਾਨ ਨਾਲ ਭੇਂਟ ਕਰਨ ਦਾ ਮੌਕਾ ਮਿਲਿਆ । ਉਸ ਨੇ ਉਸ ਨੂੰ ਪੁੱਛਿਆ ਕਿ ਕੀ ਉਸ ਨੇ ਉਸ ਨੂੰ ਪੁਛਿਆ ਕਿ ਕੀ ਉਸ ਨੇ ਉਸ ਦੇ ਗੁਰੂ ਨੂੰ ਵੇਖਿਆ ਹੈ ? ਬਿਰਧ ਕਿਸਾਨ ਜੋ ਵਿਚਾਰਕ ਪੱਧਰ ਤੇ ਵਿਰਕਤ ਬਣ ਚੁਕਾ ਸੀ ਨੇ ਬੜੀ ਘਿਰਨਾ

ਸਹਿਤ ਕਿਹਾ, “ਜਾ ਭਾਈ, ਜਾ, ਤੈਨੂੰ ਤਾਂ ਪੰਜ ਫਸਲਾਂ ਦੇ ਨਾਵਾਂ ਦਾ ਵੀ ਪਤਾ ਨਹੀਂ, ਤੂੰ ਕਿਹੜੇ ਕੁਚੱਜੇ ਗੁਰੂ ਦਾ ਚੇਲਾ ਏਂ ।”

ਸ਼ਿਸ਼ ਨੇ ਇਹ ਸਾਰੀ ਗੱਲਬਾਤ ਕਨਫ਼ਿਊਸ਼ਸ ਨੂੰ ਸੁਣਾਈ । ਉਨ੍ਹਾਂ ਨੇ ਝਟ ਬੁਝ ਲਿਆ ਤੇ ਕਿਹਾ ਕਿ ਉਹ ਜ਼ਰੂਰ ਕੋਈ ਵਿਰਕਤ ਹੋਵੇਗਾ। ਫਿਰ ਉਨ੍ਹਾਂ ਨੇ ਆਪਣੇ ਸ਼ਿਸ਼ ਨੂੰ ਆਗਿਆ ਕੀਤੀ ਕਿ ਉਹ ਇਕ ਵਾਰੀ ਫਿਰ ਉਸ ਵਿਰਕਤ ਪਾਸ ਜਾਵੇ ਅਤੇ ਉਸ ਦੇ ਵਿਚਾਰਾਂ ਤੋਂ ਉਨ੍ਹਾਂ ਨੂੰ ਜਾਣੂੰ ਕਰਾਏ। ਸ਼ਿਸ਼ ਨੇ ਹੁਕਮ ਦੀ ਪਾਲਣਾ ਕੀਤੀ ਪਰੰਤੂ ਜਦੋਂ ਉਹ ਉਸ ਦੇ ਘਰ ਪਹੁੰਚਿਆ ਤਾਂ ਉਹ ਉਥੋਂ ਜਾ ਚੁੱਕਾ ਸੀ । ਫਿਰ ਉਸ ਨੇ ਉਸ ਦੇ ਪਰਿਵਾਰ ਨੂੰ ਇਹ ਸੁਨੇਹਾ ਦਿਤਾ ।

“ਸਰਕਾਰੀ ਅਹੁਦਾ ਪ੍ਰਵਾਨ ਕਰਨਾ ਕੋਈ ਅਸ਼ੁਭ ਕਾਰਜ ਨਹੀਂ ।
ਜੇ ਉੱਤਮ ਮਨੁੱਖ ਅਜਿਹਾ ਪਦ ਸੰਭਾਲੇਗਾ ਤਾਂ ਉਹ ਜ਼ਰੂਰ ਕੋਈ
ਸ਼ੁਭ ਕਾਰਜ ਕਰੇਗਾ ਜਿਸ ਨਾਲ ਸਮਾਜ ਵਿਚ ਸਮਸੁਰਤਾ ਆਏਗੀ
ਅਤੇ ਉਹ ਉੱਨਤੀ ਦੇ ਰਾਹ ਤੇ ਗਤੀਸ਼ੀਲ ਹੋ ਜਾਵੇਗੀ ।”

ਵਾਸਤਵ ਵਿਚ ਉਹ ਵਿਰਕਤਾਂ ਦੇ ਵਿਚਾਰਾਂ ਨੂੰ ਢਾਹੂ ਅਤੇ ਇਨ੍ਹਾਂ ਨੂੰ ਜਨ-ਸਮੂਹ ਦੇ ਕਲਿਆਣ ਲਈ ਉੱਕਾ ਹੀ ਫਜ਼ੂਲ ਸਮਝਦੇ ਸੀ।

ਇਸ ਲਈ ਉਨ੍ਹਾਂ ਨੇ ਇਕ ਵੱਖਰੀ ਵਿਚਾਰਧਾਰਾ ਨੂੰ ਵਿਕਸਿਤ ਕੀਤਾ ਅਤੇ ਇਸ ਦੇ ਪਰਚਾਰ ਲਈ ਉਹ ਜੁਟ ਗਏ ।

******

ਕਾਂਡ ਤੀਜਾ

# ਨਿਰਾਲਾ ਅਧਿਆਪਕ ਤੇ ਲਾਸਾਨੀ ਉਪਦੇਸ਼ਕ

22 ਸਾਲ ਦੀ ਉਮਰ ਤਕ ਉਨ੍ਹਾਂ ਦੇ ਵਿਚਾਰਾਂ ਵਿਚ ਕਾਫ਼ੀ ਪਕਿਆਈ ਆ ਚੁੱਕੀ ਸੀ । ਉਨ੍ਹਾਂ ਦਾ ਅਨੁਭਵ ਵੀ ਕਾਫ਼ੀ ਡੂੰਘਾ ਅਤੇ ਬਲਵਾਨ ਬਣ ਚੁਕਿਆ ਸੀ । ਉਨ੍ਹਾਂ ਦੀ ਚੀਨੀ ਸਮਾਜ ਨੂੰ ਉਨਤ ਕਰਨ ਦੀ ਇੱਛਾ ਵੀ ਬਹੁਤ ਤੀਬਰ ਹੋ ਚੁੱਕੀ ਸੀ ।

ਹੁਣ ਇਨ੍ਹਾਂ ਨੇ ਆਪਣੇ ਵਿਚਾਰਾਂ ਨੂੰ ਜਲ-ਸਮੂਹ ਤਕ ਪਹੁੰਚਾਉਣ ਲਈ ਇਕ ਅਧਿਆਪਕ ਦਾ ਰੌਲ ਅਦਾ ਕਰਨ ਦਾ ਮਨ ਬਣਾਇਆ। ਉਂਝ ਤਾਂ ਉਹ ਸਾਰੀ ਉਮਰ ਹੀ ਭਾਵੇਂ ਜਗਿਆਸੂਆਂ ਨੂੰ ਸਿੱਖਿਆ ਪ੍ਰਦਾਨ ਕਰਦੇ ਰਹੇ ਪਰ ਲੂ ਦੇ ਵਿਦਿਅਕ ਆਸ਼ਰਮ ਵਿਚ ਉਨ੍ਹਾਂ ਦੀਆਂ ਇਸ ਸਬੰਧੀ ਰਚਨਾਵਾਂ ਖਾਸ ਤੌਰ ਤੇ ਵਰਨਣਯੋਗ ਹਨ । ਇਸ ਆਸ਼ਰਮ ਦੇ ਮੋਢੀ ਹੋਣ ਤੋਂ ਇਲਾਵਾ ਉਹ ਇਸ ਦੇ ਮੁੱਖ ਅਧਿਆਪਕ ਅਤੇ ਮੁੱਖ ਪ੍ਰਬੰਧਕ ਵੀ ਸਨ । ਉਨ੍ਹਾਂ ਦੀ ਤੀਬਰ ਇੱਛਾ ਸੀ ਕਿ ਉਹ ਅਜਿਹੇ ਸ਼ਿਸ਼ ਤਿਆਰ ਕਰਨ ਜੋ ਨਾ ਕੇਵਲ ਉਨ੍ਹਾਂ ਦੀ ਸਿੱਖਿਆ ਨੂੰ ਸਮਝਣ ਸਗੋਂ ਉਹ ਆਪਣੇ ਜੀਵਨ ਵਿਚ ਇਸ ਨੂੰ ਅਪਨਾਉਣ ਅਤੇ ਇਸ ਦੇ ਨਾਲ ਨਾਲ ਲੋਕਾਂ ਨੂੰ ਵੀ ਉਸ ਅਨੁਸਾਰ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦੇਣ ।

ਉਨ੍ਹਾਂ ਦੇ ਸ਼ਿਸ਼ ਆਮ ਤੌਰ ਤੇ ਨੌਜਵਾਨ ਵਰਗ ਵਿੱਚੋਂ ਹੁੰਦੇ ਸਨ । ਉਨ੍ਹਾਂ ਵਿਚ ਅਮੀਰ ਵੀ ਸਨ ਤੇ ਗਰੀਬ ਵੀ । ਅਮੀਰ ਵਿਦਿਆਰਥੀਆਂ ਤੋਂ ਉਹ ਫ਼ੀਸ ਲੈਂਦੇ ਸੀ ਅਤੇ ਗਰੀਬ ਵਿਦਿਆਰਥੀਆਂ ਨੂੰ ਉਹ ਮੁਫ਼ਤ ਸਿੱਖਿਆ ਦਿੰਦੇ ਸੀ । ਗਰੀਬ ਸ਼ਿਸ਼ਾਂ ਦੇ ਨਿਰਬਾਹ ਲਈ ਉਹ ਅਮੀਰ ਸ਼ਿਸ਼ਾਂ ਪਾਸੋਂ ਉਗਰਾਹੀ ਗਈ ਫ਼ੀਸ ਦੀ ਰਕਮ ਵਿੱਚੋਂ ਖਰਚਾ ਕਰਦੇ ਸੀ । ਵਿਦਿਆ ਪ੍ਰਾਪਤ ਕਰਨ ਵਾਲੇ ਚਾਹਵਾਨ ਨੌਜਵਾਨਾਂ ਲਈ ਇਹ ਜ਼ਰੂਰੀ ਸੀ ਕਿ ਸੱਚੀ ਜਗਿਆਸਾ ਦਾ ਸਬੂਤ ਦੇਣ । ਇਨ੍ਹਾਂ ਦਾ ਸਿੱਖਿਆ ਦੇਣ ਦਾ ਢੰਗ ਬੜਾ ਵਚਿੱਤਰ ਸੀ । ਉਹ ਕਿਹਾ ਕਰਦੇ ਸਨ, "ਮੈਂ ਉਸ ਅੱਗੇ ਸੱਚ ਪ੍ਰਗਟ ਨਹੀਂ ਕਰਦਾ ਜੋ ਉਤਸਕ ਨਹੀਂ, ਨਾ ਹੀ ਉਸ ਦੀ ਸਹਾਇਤਾ ਕਰਦਾ ਹਾਂ ਜਿਸ ਨੂੰ ਆਪ ਵਿਆਖਿਆ ਦੀ ਉਤਕੰਠਾ ਨਹੀਂ। ਜਦੋਂ ਮੈਂ ਕਿਸੇ ਅੱਗੇ ਕਿਸੇ ਵਿਸ਼ੇ ਦਾ ਕੋਨਾ ਖੋਲ੍ਹਦਾ ਹਾਂ ਤੇ ਜਿੰਨਾ ਚਿਰ ਉਹ ਬਾਕੀ ਦੇ ਤਿੰਨ ਕੋਨੇ ਨਹੀਂ ਜਾਣ ਲੈਂਦਾ, ਮੈਂ ਅੱਗੇ ਨਹੀਂ ਚਲਦਾ ।" ਕਨਫ਼ਿਊਸ਼ਸ ਕਿਸੇ ਨਿਸ਼ਚਿਤ ਪਾਠ-ਕ੍ਰਮ ਵਿਚ ਯਕੀਨ ਨਹੀਂ ਰਖਦੇ ਸੀ। ਉਨ੍ਹਾਂ ਦੇ ਵਿਚਾਰ ਵਿਚ ਹਰ ਉਸ ਵਿਸ਼ੇ ਦਾ ਪਾਠ ਪੜ੍ਹਾਉਣਾ ਯੋਗ ਸੀ ਜੋ ਮਨੁੱਖ ਵਿਚ ਅਜਿਹਾ ਵਿਵੇਕ ਪੈਦਾ ਕਰ ਜੋ ਉਸ ਨੂੰ ਸੁਭਾਵਿਕ ਤੌਰ ਤੇ ਨੇਕੀ ਅਤੇ ਬਦੀ ਵਿਚਕਾਰ ਅੰਤਰ ਸਮਝਣ ਦੇ ਯੋਗ ਬਣਾਵੇ ਅਤੇ ਨਾਲ ਹੀ ਉਸ ਵਿਚ ਅਜਿਹੀ ਰੁਚੀ ਪੈਦਾ ਕਰੇ ਜੋ ਉਸ ਨੂੰ ਸਦਾ ਨੇਕੀ ਦੇ ਰਾਹਾਂ ਤੇ ਚਲਣ ਦੀ ਪ੍ਰੇਰਨਾ ਦੇਵੇ। ਉਨ੍ਹਾਂ ਦਾ ਕਥਨ ਸੀ, "ਆਦਰਸ਼ਕ ਵਿਅਕਤੀ ਜਿਨ੍ਹਾਂ ਪਾਸੋਂ ਰਾਜ ਦੇ ਨਿਰਦੇਸ਼ਨ ਦੀ ਆਸ ਹੁੰਦੀ ਹੈ, ਪ੍ਰਕਿਰਤੀ

ਵਿਗਿਆਨ, ਨਿਆਂ, ਆਚਾਰ ਨੀਤੀ, ਰਾਜ ਨੀਤੀ ਅਤੇ ਇਤਿਹਾਸ ਵਿਚ ਨਿਪੁੰਨ ਹੋਣੇ ਚਾਹੀਦੇ ਹਨ।

ਉਨ੍ਹਾਂ ਦਾ ਵਿਚਾਰ ਸੀ ਕਿ ਸਿੱਖਿਆ ਤੇ ਵਿਦਿਆ ਰਾਜ ਦੇ ਨਿਯੰਤਰਣ ਤੋਂ ਮੁਕਤ ਹੋਣੀ ਚਾਹੀਦੀ ਹੈ । ਹਰ ਵਿਅਕਤੀ ਨੀਯਤ ਪ੍ਰੀਖਿਆ ਵਿਚ ਸਫ਼ਲ ਹੋਣ ਪਿੱਛੋਂ ਰਾਜ ਅਧਿਕਾਰੀ ਬਣਨ ਦੇ ਯੋਗ ਹੁੰਦਾ ਹੈ ।"

ਛੇਤੀ ਹੀ ਅਧਿਆਪਕ ਦੇ ਤੌਰ ਤੇ ਕਨਫ਼ਿਊਸ਼ਸ ਦੀ ਕੀਰਤੀ ਦੂਰ ਦੂਰ ਤਕ ਫੈਲ ਗਈ । ਪ੍ਰਬੰਧਕ ਦੇ ਰੂਪ ਵਿਚ ਵੀ ਉਨ੍ਹਾਂ ਨੇ ਬਹੁਤ ਨਾਮਣਾ ਖਟਿਆ । ਉਨ੍ਹਾਂ ਦੀ ਵਿਸ਼ਾਲ ਵਿਦਵਤਾ ਦੇ ਵੀ ਚਰਚੇ ਹੋਣ ਲਗੇ । ਪ੍ਰਬੰਧਕ ਦੇ ਰੂਪ ਵਿਚ ਉਨ੍ਹਾਂ ਦੀ ਕਾਰਜ ਵਿਧੀ ਸਰਲ ਅਤੇ ਦ੍ਰਿਸ਼ਟੀ ਸਪਸ਼ਟ ਸੀ । ਇਸ ਤੋਂ ਇਲਾਵਾ ਉਹ ਰੂੜੀਵਾਦੀ ਵਿਚਾਰਾਂ ਅਤੇ ਉਨ੍ਹਾਂ ਨੂੰ ਕਾਇਮ ਰੱਖਣ ਵਾਲੇ ਸਾਹਿਤ ਦੇ ਸਮਰਥਕ ਨਹੀਂ ਸਨ । ਵਿਦਵਾਨ ਦੇ ਤੌਰ ਤੇ ਉਨ੍ਹਾਂ ਦਾ ਦ੍ਰਿਸ਼ਟੀਕੋਣ ਤੰਗ ਨਹੀਂ ਸੀ ਸਗੋਂ ਇਸ ਦਾ ਘੇਰਾ ਬੜਾ ਵਿਸ਼ਾਲ ਸੀ ਜਿਸ ਵਿਚ ਸਾਰੀ ਮਨੁੱਖਤਾ ਸ਼ਾਮਲ ਸੀ । 30 ਸਾਲਾਂ ਦੀ ਉਮਰ ਤਕ ਉਨ੍ਹਾਂ ਨੇ ਪੁਰਾਤਨ ਰਿਕਾਰਡਾਂ ਦਾ ਪੂਰਾ ਅਧਿਐਨ ਕਰ ਲਿਆ ਸੀ । ਇੱਥੋਂ ਤਕ ਕਿ ਉਨ੍ਹਾਂ ਨੂੰ ਚੀਨੀ ਸਭਿਅਤਾ ਦੇ ਆਰੰਭ ਤੇ ਵਿਕਾਸ ਦਾ ਮੁਕੰਮਲ ਪਤਾ ਲਗ ਚੁਕਿਆ ਸੀ ਜਿਸ ਸਦਕਾ ਉਹ ਨਾ ਕੇਵਲ ਨੈਤਿਕਤਾ ਅਤੇ ਚੀਨੀ ਸਭਿਅਤਾ ਦੇ ਮੂਲ ਆਧਾਰਾਂ ਦੀ ਨਵੀਨ ਢੰਗ ਨਾਲ ਵਿਆਖਿਆ ਕਰਨ ਦੇ ਯੋਗ ਬਣੇ ਸਗੋਂ ਉਨ੍ਹਾਂ ਦੇ ਪੜ੍ਹਾਉਣ ਦੇ ਢੰਗ ਵਿਚ ਵੀ ਕੁਸ਼ਲਤਾ ਆਈ ।

1517 ਈ. ਪੂਰਵ ਵਿਚ ਲੂ ਰਾਜ ਦੇ ਦੋ ਨੌਜਵਾਨ ਪ੍ਰਮੁੱਖ ਅਧਿਕਾਰੀ ਇਨ੍ਹਾਂ ਦੇ ਸ਼ਿਸ਼ ਬਣੇ। ਉਨ੍ਹਾਂ ਉਤੇ ਇਨ੍ਹਾਂ ਦੇ ਉਪਦੇਸ਼ਾਂ ਦਾ ਇੰਨਾ ਅਸਰ ਹੋਇਆ ਕਿ ਉਨ੍ਹਾਂ ਨੇ ਇਨ੍ਹਾਂ ਨੂੰ ਆਪਣੇ ਨਾਲ ਚੀਨ ਦੀ ਰਾਜਧਾਨੀ ਪੀਕਿੰਗ ਜਾਣ ਲਈ ਬੇਨਤੀ ਕੀਤੀ।

ਕਨਫ਼ਿਊਸ਼ਸ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਨ ਕਰ ਲਈ । ਇਸ ਨਾਲ ਇਨ੍ਹਾਂ ਨੂੰ ਨਾ ਕੇਵਲ ਪੀਕਿੰਗ ਦੇ ਸ਼ਾਸਕ ਨਾਲ ਮਿਲਣ ਦਾ ਮੌਕਾ ਮਿਲਿਆ, ਸਗੋਂ ਸ਼ਾਹੀ ਲਾਇਬ੍ਰੇਰੀ ਵਿਖੇ ਇਤਿਹਾਸਕ ਖੋਜ ਦਾ ਕੰਮ ਜਾਰੀ ਰੱਖਣ ਦਾ ਅਵਸਰ ਵੀ ਪ੍ਰਾਪਤ ਹੋਇਆ । ਸ਼ਾਹੀ ਲਾਇਬ੍ਰੇਰੀ ਵਿਚ ਪੁਰਾਤਨ ਇਤਿਹਾਸਕ ਲਿਖਤਾਂ ਬਹੁਤ ਮਾਤਰਾ ਵਿਚ ਉਪਲਬਧ ਸਨ । ਇਨ੍ਹਾਂ ਲਿਖਤਾਂ ਦੇ ਅਧਿਐਨ ਨੇ ਕਨਫ਼ਿਊਸ਼ਸ ਦੇ ਗਿਆਨ ਵਿਚ ਅਤਿਅੰਤ ਵਾਧਾ ਕੀਤਾ। ਇਸ ਤੋਂ ਇਲਾਵਾ ਇਨ੍ਹਾਂ ਨੂੰ ਸੰਗੀਤ ਕਲਾ ਨਾਲ ਪ੍ਰੇਮ ਪੈਦਾ ਹੋਇਆ। ਇਨ੍ਹਾਂ ਨੇ ਨਾ ਕੇਵਲ ਇਸ ਦਾ ਰਸ ਮਾਣਿਆ, ਸਗੋਂ ਆਪ ਵੀ ਸੰਗੀਤਕਾਰ ਬਣਨ ਦਾ ਯਤਨ ਕੀਤਾ । ਥੋੜ੍ਹੇ ਸਮੇਂ ਵਿਚ ਹੀ ਉਹ ਉੱਚ ਕੋਟੀ ਦੇ ਸੰਗੀਤਕਾਰ ਮੰਨੇ ਜਾਣ ਲਗ ਪਏ । ਉਨ੍ਹਾਂ ਸਬੰਧੀ ਕਿਹਾ ਜਾਂਦਾ ਹੈ ਕਿ ਉਹ ਸੰਗੀਤ ਵਿਚ ਇੰਨੇ ਖੁੱਭ ਜਾਂਦੇ ਕਿ ਉਨ੍ਹਾਂ ਨੂੰ ਖਾਣਾ ਪੀਣਾ ਵੀ ਭੁਲ ਜਾਂਦਾ ਸੀ। ਉਹ ਸੰਗੀਤ ਨੂੰ ਇਕ ਹੋਰ ਪੱਖ ਤੋਂ ਵੀ ਪਸੰਦ ਕਰਦੇ ਸੀ । ਉਨ੍ਹਾਂ ਦਾ ਇਹ ਅਨੁਭਵ ਸੀ ਕਿ ਸੰਗੀਤ ਸੁਰਾਂ ਦੇ ਉਚਿਤ ਮੇਲ ਤੋਂ ਪੈਦਾ ਹੁੰਦਾ ਹੈ । ਇਸ ਵਿਚ ਨਿਪੁੰਨ ਜਾਂ ਇਸ ਦੇ ਰਸੀਏ ਇਕ ਅਲੌਕਿਕ ਸਹਿਜ ਦਾ ਅਨੰਦ ਮਾਣਦੇ ਹਨ। ਜੇ ਇਹ ਸਹਿਜ ਹੀ ਸਮੁੱਚੇ ਸਮਾਜ ਵਿਚ

ਆ ਜਾਵੇ ਤਾਂ ਸਮਾਜ ਸਹਿਜਮਈ ਬਣ ਜਾਂਦਾ ਹੈ ਜਿਸ ਸਦਕਾ ਸਮਾਜ ਵਿਚ ਸੰਤੁਲਨ ਕਾਇਮ ਹੋ ਜਾਂਦਾ ਹੈ। ਇਸ ਬਾਰੇ ਉਨ੍ਹਾਂ ਨੂੰ ਪੂਰਾ ਯਕੀਨ ਸੀ ਕਿ ਸੰਗੀਤ ਦਾ ਵਿਸ਼ਾ ਜਿੰਨੇ ਵੀ ਵਿਦਿਆਰਥੀਆਂ ਵਿਚ ਸਰਵਪ੍ਰਿਯ ਬਣਾਇਆ ਜਾਏ, ਉੱਨਾ ਹੀ ਚੰਗਾ ਹੈ। ਉਹ ਇਸ ਨੂੰ ਸਰਕਾਰੀ ਕਰਮਚਾਰੀਆਂ ਦੀ ਚੋਣ ਲਈ ਇਮਤਿਹਾਨਾਂ ਵਿਚ ਲਾਜ਼ਮੀ ਵਿਸ਼ਾ ਬਣਾਉਣਾ ਚਾਹੁੰਦੇ ਸਨ।

ਅਜੇ ਉਹ ਪੀਕਿੰਗ ਵਿਚ ਹੀ ਸਨ ਕਿ ਉਨ੍ਹਾਂ ਦੀ ਮੁਲਾਕਾਤ ਮਹਾਨ ਦਾਰਸ਼ਨਿਕ ਅਤੇ ਚਿੰਤਕ ਲਾਉਜ਼ੇ ਨਾਲ ਹੋਈ। ਇਨ੍ਹਾਂ ਦੋਹਾਂ ਮਹਾਨ ਵਿਅਕਤੀਆਂ ਦੇ ਦ੍ਰਿਸ਼ਟੀਕੋਣ ਅਲੱਗ ਅਲੱਗ ਸਨ। ਲਾਉਜ਼ੇ ਕਲਪਨਾ ਦੇ ਮੰਡਲ ਵਿਚ ਉਡਾਰੀ ਲਾਉਣ ਵਾਲਾ ਰਹੱਸਵਾਦੀ ਆਦਰਸ਼ਵਾਦੀ ਸੀ ਜੋ ਪ੍ਰਮਾਤਮਾ ਵਿਚ ਡੂੰਘਾ ਵਿਸ਼ਵਾਸ ਰਖਦਾ ਸੀ। ਉਸ ਦੀ ਧਾਰਨਾ ਸੀ ਕਿ ਸੱਚ ਨੂੰ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਕਿ ਮਨ ਦੁਨਿਆਵੀ ਖਾਹਿਸ਼ਾਂ ਤੋਂ ਮੁਕਤ ਕੀਤਾ ਜਾਏ ਅਤੇ ਅਜਿਹੀ ਚੇਤਨਤਾ ਵਿਕਸਿਤ ਕੀਤੀ ਜਾਏ ਜਿਸ ਦੁਆਰਾ ਮਨੁੱਖ ਸਮਝੇ ਕਿ ਸਭਨਾਂ ਵਿਚ ਅਪਾਰ ਸ਼ਕਤੀ ਦਾ ਨਿਵਾਸ ਹੈ। ਇਸ ਅਪਾਰ ਸ਼ਕਤੀ ਨੂੰ ਉਨ੍ਹਾਂ ਨੇ ਤਾਓ (Tao) ਦਾ ਨਾਂ ਦਿੱਤਾ ਹੈ। ਲਾਉਜ਼ੇ ਰਾਜ ਅਤੇ ਸਰਕਾਰ ਦੀਆਂ ਸੰਸਥਾਵਾਂ ਅਤੇ ਸਮਾਜਿਕ ਅਤੇ ਨੈਤਿਕ ਰਚਨਾਵਾਂ ਨੂੰ ਗੈਰ-ਜ਼ਰੂਰੀ ਸਮਝਦਾ ਸੀ।

ਇਸ ਦੇ ਉਲਟ, ਕਨਫ਼ਿਊਸ਼ਸ ਯਥਾਰਥਵਾਦੀ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ 'ਪ੍ਰਮੁੱਖ ਦੈਵੀ ਸ਼ਕਤੀ' ਨਾਂ ਦੀ ਕੋਈ ਚੀਜ਼ ਨਹੀਂ। ਸਭ ਤੋਂ ਵੱਧ ਮਹੱਤਵਪੂਰਨ ਗੱਲ ਸਦਗੁਣਾਂ ਦਾ ਵਿਕਾਸ ਹੈ। ਜਿਸ ਮਨੁੱਖ ਅਤੇ ਜਿਸ ਸਮਾਜ ਵਿਚ ਸਦਗੁਣ ਵਿਕਸਿਤ ਹੋ ਚੁਕੇ ਹਨ, ਉਹ ਵਿਅਕਤੀ ਅਤੇ ਸਮਾਜ ਨਰੋਏ ਹਨ ਅਤੇ ਉਨ੍ਹਾਂ ਦੀ ਅਟੁੱਟ ਪ੍ਰਗਤੀ ਹੋਣੀ ਅਟੱਲ ਸਚਾਈ ਹੈ। ਉਨ੍ਹਾਂ ਨੇ ਆਪਣੇ ਸ਼ਿਸ਼ਾਂ ਨੂੰ ਹਦਾਇਤ ਕੀਤੀ ਕਿ ਉਹ ਸਦਗੁਣੀ ਬਣਨ ਅਤੇ ਉਨਤੀ ਦੇ ਰਾਹਾਂ ਵਲ ਕਦਮ ਪੁੱਟਣ। ਉਹ ਰਾਜ ਸਰਕਾਰ ਅਤੇ ਯੋਗ ਸਮਾਜਿਕ ਅਤੇ ਨੈਤਿਕ ਸੰਸਥਾਵਾਂ ਦੀ ਲੋੜ ਤੇ ਪੂਰਨ ਜ਼ੋਰ ਦਿੰਦੇ ਸੀ।

ਭਾਵੇਂ ਕਨਫ਼ਿਊਸ਼ਸ ਅਤੇ ਲਾਉਜ਼ੇ ਦੇ ਵਿਚਾਰ ਆਪਸ ਵਿਚ ਮੇਲ ਨਹੀਂ ਖਾਂਦੇ ਸਨ, ਫਿਰ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਲਾਉਜ਼ੇ ਦੀ ਪ੍ਰਭਾਵਸ਼ਾਲੀ ਸਖ਼ਸ਼ੀਅਤ ਦਾ ਕਨਫ਼ਿਊਸ਼ਸ ਦੇ ਮਨ ਤੇ ਬਹੁਤ ਅਸਰ ਹੋਇਆ ਅਤੇ ਉਹ ਜਿੰਨਾ ਚਿਰ ਸੰਸਾਰ ਤੇ ਰਹੇ ਲਾਉਜ਼ੇ ਦੀ ਬਹੁਤ ਕਦਰ ਕਰਦੇ ਰਹੇ। ਵਾਸਤਵ ਵਿਚ ਉਹ ਇਸ ਗੱਲ ਦੇ ਧਾਰਨੀ ਸਨ ਕਿ ਗਿਆਨ ਜਿਸ ਪਾਸਿਉਂ ਆਉਂਦਾ ਹੈ, ਆਉਣ ਦਿਉ।

******

ਕਾਂਡ ਚੌਥਾ

## ਦਮਨਕਾਰੀ ਸਰਕਾਰ ਖ਼ੂਨੀ ਚੀਤੇ ਨਾਲੋਂ ਵਧੇਰੇ ਖ਼ੂੰਖ਼ਾਰ ਹੁੰਦੀ ਹੈ

ਅਜੇ ਕਨਫ਼ਿਊਸ਼ਸ ਪੀਕਿੰਗ ਵਿਖੇ ਹੀ ਸਨ ਕਿ ਉਨ੍ਹਾਂ ਨੂੰ ਪਤਾ ਲੱਗਾ ਕਿ ਲੂ ਵਿਚ ਰਾਜਸੀ ਉਥਲ ਪੁਥਲ ਦੇ ਕਾਰਨ ਉਥੋਂ ਦੇ ਸ਼ਾਸਕ ਨੂੰ ਤਖ਼ਤ ਤੋਂ ਉਤਾਰ ਦਿੱਤਾ ਗਿਆ ਹੈ ਅਤੇ ਉਸ ਨੂੰ 'ਸੀ' (Tse) ਨਾਂ ਦੇ ਗੁਆਂਢੀ ਰਾਜ ਵਿਚ ਪਨਾਹ ਲੈਣੀ ਪਈ ਹੈ । ਕਨਫ਼ਿਊਸ਼ਸ ਨੂੰ ਬਹੁਤ ਦੁਖ ਹੋਇਆ ਕਿਉਂਕਿ ਉਹ ਮੌਜੂਦਾ ਤਾਕਤ ਦੇ ਵਿਰੁੱਧ ਬਗਾਵਤ ਨੂੰ ਮਾਨਵੀ ਸ਼ਾਂਤੀ ਵਿਵਸਥਾ ਦੇ ਅਨੁਸਾਰ ਨਹੀਂ ਸਮਝਦੇ ਸੀ। ਆਪਣੇ ਸਾਹਮਣੇ ਆਪਣੇ ਵਿਚਾਰਾਂ ਦੇ ਖੰਡਨ ਨੂੰ ਉਹ ਸਹਿਣ ਨਾ ਕਰ ਸਕੇ ਅਤੇ ਉਨ੍ਹਾਂ ਨੇ ਲੂ ਵਿਚ ਫਿਰ ਕਦੀ ਨਾ ਜਾਣ ਦਾ ਫੈਸਲਾ ਕਰ ਲਿਆ। ਹੁਣ ਉਨ੍ਹਾਂ ਨੇ ਆਪਣੇ ਵੱਡੇ ਵੱਡੇ ਚੇਲਿਆਂ ਸਮੇਤ ਥਾਉਂ ਥਾਂਈ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ । ਇਸ ਦੌਰਾਨ ਉਹ ਤਾਇ (Tai) ਨਾਂ ਦੇ ਪਹਾੜ ਪਾਸੋਂ ਲੰਘੇ ਉਥੇ ਊਨ੍ਹਾਂ ਨੇ ਇਕ ਇਸਤਰੀ ਨੂੰ ਵੇਖਿਆ ਜੋ ਇਕ ਕਬਰ ਨਾਲ ਢਾਸਣਾ ਲਾਈ ਜ਼ਾਰੋ-ਜ਼ਾਰ ਰੋ ਰਹੀ ਸੀ। ਇਹ ਦ੍ਰਿਸ਼ ਬੜਾ ਦਰਦਨਾਕ ਸੀ। ਇਨ੍ਹਾਂ ਨੇ ਝੱਟ ਆਪਣੇ ਇਕ ਚੇਲੇ ਨੂੰ ਉਸ ਪਾਸ ਪੁੱਛਣ ਲਈ ਭੇਜਿਆ ਕਿ ਉਸ ਨੂੰ ਕੀ ਦੁਖ ਹੈ। ਇਸਤਰੀ ਨੇ ਸਿਸਕੀਆਂ ਭਰਦੇ ਹੋਏ ਕਿਹਾ, "ਮੇਰੇ ਪਤੀ ਦੇ ਪਿਤਾ ਨੂੰ ਇਸ ਥਾਂ ਤੇ ਇਕ ਚੀਤੇ ਨੇ ਮਾਰ ਦਿਤਾ ਸੀ। ਫਿਰ ਉਸ ਨੇ ਮੇਰੇ ਪਤੀ ਨੂੰ ਵੀ ਇੱਥੇ ਹੀ ਮਾਰਿਆ । ਉਸ ਤੋਂ ਬਾਅਦ ਇਥੇ ਹੀ ਉਸ ਪਾਸੋਂ ਮੇਰਾ ਪੁੱਤਰ ਮਾਰਿਆ ਗਿਆ ਸੀ ।" ਕਨਫ਼ਿਊਸ਼ਸ ਨੇ ਉਸ ਨੂੰ ਕਿਹਾ, "ਬੀਬੀ ਤੂੰ ਫਿਰ ਇਸ ਥਾਂ ਨੂੰ ਛੱਡ ਦੇ ।" ਉਸ ਨੇ ਉੱਤਰ ਦਿੱਤਾ, "ਮੈਂ ਇਹ ਥਾਂ ਇਸ ਲਈ ਨਹੀਂ ਛੱਡਦੀ ਕਿਉਂਕਿ ਇਥੋਂ ਦੀ ਸਰਕਾਰ ਦਮਨਕਾਰੀ ਹੈ।" "ਮੇਰੇ ਮੁਰੀਦੋ ਸਦਾ ਯਾਦ ਰਖਣਾ, ਦਮਨਕਾਰੀ ਸਰਕਾਰ ਚੀਤੇ ਨਾਲੋਂ ਵਧੇਰੇ ਖ਼ੂੰਖ਼ਾਰ ਸਿੱਧ ਹੁੰਦੀ ਹੈ ਅਤੇ ਉਸ ਨਾਲੋਂ ਵਧੇਰੇ ਡਰਾਉਣੀ ।"

******

ਕਾਂਡ ਪੰਜਵਾਂ

# ਅਦੁੱਤੀ ਪ੍ਰਬੰਧ-ਕਰਤਾ ਦੇ ਰੂਪ ਵਿਚ

ਕਨਫ਼ਿਊਸ਼ਸ ਦੀ ਇਹ ਪ੍ਰਬਲ ਇੱਛਾ ਸੀ ਕਿ ਉਸ ਨੂੰ ਕੋਈ ਸ਼ਾਸਕ ਅਪਣਾ ਲਵੇ ਤਾਂ ਜੋ ਉਹ ਆਪਣੇ ਵਿਚਾਰਾਂ ਨੂੰ ਅਮਲੀ ਰੂਪ ਦੇ ਸਕਣ । ਪਰ ਉਨ੍ਹਾਂ ਨੂੰ ਕਈ ਸਾਲਾਂ ਤਕ ਉੱਚ ਪ੍ਰਬੰਧਕੀ ਪੋਸਟ ਨਾ ਮਿਲ ਸਕੀ । ਸੀ (Tse) ਦਾ ਸ਼ਾਸਕ ਇਨ੍ਹਾਂ ਦੀ ਬੜੀ ਕਦਰ ਕਰਦਾ ਸੀ। ਉਸ ਨੇ ਇਨ੍ਹਾਂ ਦੇ ਮਾਣ ਵਜੋਂ ਇਨ੍ਹਾਂ ਨੂੰ ਪੈਨਸ਼ਨ ਪ੍ਰਵਾਨ ਕਰਨ ਲਈ ਕਿਹਾ ਪਰੰਤੂ ਕਨਫ਼ਿਊਸ਼ਸ ਨੇ ਇਨਕਾਰ ਕਰ ਦਿਤਾ ਅਤੇ ਕਿਹਾ ਕਿ ਉਹ ਅਜਿਹੀ ਕੋਈ ਉਸ ਦੀ ਪੇਸ਼ਕਸ਼ ਸਵੀਕਾਰ ਨਹੀਂ ਕਰਨਗੇ ਜਦੋਂ ਤੀਕ ਉਹ ਉਨ੍ਹਾਂ ਦੇ ਸਰਕਾਰ ਪ੍ਰਤੀ ਅਤੇ ਸਦਗੁਣਾਂ ਪ੍ਰਤੀ ਵਿਚਾਰਾਂ ਅਤੇ ਸੰਕਲਪਾਂ ਨੂੰ ਅਮਲ ਵਿਚ ਨਹੀਂ ਲਿਆਵੇਗਾ। ਜਿੰਨਾ ਚਿਰ ਉਹ ਸੀ (Tse) ਵਿਖੇ ਠਹਿਰੇ ਉਨ੍ਹਾਂ ਨੇ ਆਪਣਾ ਬਹੁਤਾ ਸਮਾਂ ਆਪਣੇ ਸ਼ਿਸ਼ਾਂ ਨੂੰ ਸਿੱਖਿਆ ਦੇਣ ਵਿਚ ਗੁਜ਼ਾਰਿਆ। ਹਜ਼ਾਰਾਂ ਦੀ ਗਿਣਤੀ ਵਿਚ ਲੋਕ ਦੂਰੋਂ ਨੇੜਿਓਂ, ਇਨ੍ਹਾਂ ਦੇ ਸ਼ਬਦਾਂ ਨੂੰ ਸਰਵਣ ਕਰਨ ਲਈ ਆਉਂਦੇ । ਇਨ੍ਹਾਂ ਦਿਨਾਂ ਵਿਚ ਹੀ ਇਨ੍ਹਾਂ ਦੇ ਕਈ ਪ੍ਰਸ਼ੰਸਕਾਂ ਨੇ ਉਨ੍ਹਾਂ ਦੇ ਵਿਚਾਰਾਂ ਅਤੇ ਬੋਲਾਂ ਨੂੰ ਕਲਮਬੱਧ ਕਰ ਲਿਆ। ਉਨ੍ਹਾਂ ਦੇ ਇਸ ਕੰਮ ਸਦਕਾ ਅੱਜ ਸਾਨੂੰ ਇਸ ਮਹਾਂਪੁਰਸ਼ ਦੀ ਜੀਵਨੀ ਅਤੇ ਉਸ ਦੇ ਅਰਥਮਈ ਬੋਲਾਂ ਪ੍ਰਤੀ ਜਾਣਕਾਰੀ ਪ੍ਰਾਪਤ ਹੁੰਦੀ ਹੈ ।

62 ਸਾਲ ਦੀ ਆਯੂ ਵਿਚ ਇਨ੍ਹਾਂ ਨੂੰ ਲੂ ਰਾਜ ਜਿਥੇ ਇਨ੍ਹਾਂ ਨੇ ਜਨਮ ਲਿਆ ਸੀ, ਨੇ ਚੂੰਗਤੂ ਨਾਮਕ ਸ਼ਹਿਰ ਦਾ ਗਵਰਨਰ ਨਿਯੁਕਤ ਕੀਤਾ । ਉਨ੍ਹਾਂ ਨੇ ਇਸ ਸੁਯੋਗਤਾ ਨਾਲ ਕੰਮ ਕੀਤਾ ਕਿ ਉਨ੍ਹਾਂ ਦੀ ਵਿਆਪਕ ਰੂਪ ਵਿਚ ਪ੍ਰਸ਼ੰਸਾ ਹੋਣ ਲੱਗੀ । ਥੋੜ੍ਹੇ ਚਿਰ ਪਿੱਛੋਂ ਇਨ੍ਹਾਂ ਨੂੰ ਬਹੁਤ ਉੱਚੀ ਸਰਕਾਰੀ ਪਦਵੀ ਤੇ ਨਿਯੁਕਤ ਕਰ ਦਿੱਤਾ ਗਿਆ । ਇਨ੍ਹਾਂ ਨੇ ਬਹੁਤ ਸਾਰੇ ਸੁਧਾਰ ਕੀਤੇ ਜਿਨ੍ਹਾਂ ਦੇ ਫ਼ਲਸਰੂਪ ਬੇਈਮਾਨੀ ਅਤੇ ਲਾਪਰਵਾਹੀ ਖਤਮ ਹੋ ਗਈ। ਵਫ਼ਾਦਾਰੀ ਅਤੇ ਰਾਜ ਪ੍ਰਤੀ ਸੁਹਿਰਦਤਾ ਅਤੇ ਪਰਸਪਰ ਪ੍ਰੇਮ-ਭਾਵਨਾ ਵਰਗੇ ਗੁਣ ਮਨੁੱਖੀ ਸੁਭਾਅ ਦੇ ਅੰਗ ਬਣ ਗਏ। ਉਹ ਲੋਕਾਂ ਦੇ ਸਤਿਕਾਰ ਦੀ ਪ੍ਰਤਿਮਾ ਬਣ ਗਏ। ਲੋਕਾਂ ਨੇ ਉਨ੍ਹਾਂ ਨੂੰ ਆਪਣੇ ਗੀਤਾਂ ਵਿਚ ਗਾਇਆ ਅਤੇ ਰੀਝਾਂ ਦਾ ਵਿਸ਼ਾ ਬਣਾ ਗਿਆ।

ਉਨ੍ਹਾਂ ਨੇ ਜੋ ਕੰਮ ਕੀਤੇ ਉਹ ਵਰਤਮਾਨ ਪ੍ਰਸਥਿਤੀਆਂ ਅਨੁਸਾਰ ਬਿਲਕੁਲ ਅਨੋਖੇ ਸਨ। ਉਨ੍ਹਾਂ ਨੇ ਹਰ ਗਰੀਬ ਨੂੰ ਰੋਟੀ ਦੇਣ ਦਾ ਪ੍ਰਬੰਧ ਕੀਤਾ । ਉਨ੍ਹਾਂ ਨੇ ਬੁੱਢਿਆਂ, ਬੱਚਿਆਂ ਅਤੇ ਨੌਜਵਾਨਾਂ ਲਈ ਉਨ੍ਹਾਂ ਦੀਆਂ ਲੋੜਾਂ ਅਨੁਸਾਰ ਖਾਣੇ ਦੀ ਕੁਆਲਿਟੀ ਅਤੇ ਮਾਤਰਾ ਨਿਸ਼ਚਿਤ ਕੀਤੀ । ਉਨ੍ਹਾਂ ਨੇ ਵੱਖ-ਵੱਖ ਵਸਤਾਂ ਦੀਆਂ ਕੀਮਤਾਂ ਨਿਸ਼ਚਿਤ ਕੀਤੀਆਂ ਅਤੇ ਉਨ੍ਹਾਂ ਦੀ ਆਸਾਨੀ ਅਤੇ ਬਹੁਤਾਤ ਵਿਚ ਉਪਬਧਤਾ ਨੂੰ ਯਕੀਨੀ ਬਣਾਉਣ ਲਈ ਲੋੜੀਂਦੇ ਕਦਮ ਚੁੱਕੇ । ਸੜਕਾਂ ਬਣਵਾਈਆਂ ਗਈਆਂ, ਪੁਲਾਂ ਦਾ ਨਿਰਮਾਣ ਕੀਤਾ ਗਿਆ,

ਯਾਤਾਯਾਤ ਦੇ ਸਾਧਨਾਂ ਦਾ ਵਿਕਾਸ ਕੀਤਾ ਗਿਆ। ਸਰਕਾਰੀ ਖ਼ਜ਼ਾਨੇ ਨੂੰ ਵਪਾਰ ਵਧਾਉਣ ਲਈ ਵਰਤਿਆ ਗਿਆ। ਡਾਕੂ ਅਤੇ ਲੁਟੇਰੇ ਜੋ ਪਹਾੜੀ ਰਾਹਾਂ ਤੋਂ ਆਉਂਦੇ ਜਾਂਦੇ ਲੋਕਾਂ ਨੂੰ ਤੰਗ ਕਰਦੇ ਸਨ ਉਨ੍ਹਾਂ ਨੂੰ ਸੋਧ ਦਿੱਤਾ ਗਿਆ। ਕੁਲੀਨਾਂ ਦੀ ਤਾਕਤ ਤੇ ਬੰਧੇਜ ਲਾ ਦਿਤਾ ਗਿਆ। ਜਨ-ਸਾਧਾਰਨ ਨੂੰ ਅਜ਼ਾਦੀ ਨਾਲ ਜੀਉਣ ਲਈ ਯੋਗ ਮਾਹੌਲ ਕਾਇਮ ਕੀਤਾ ਗਿਆ। ਇਨਸਾਫ਼ ਦੀਆਂ ਨਜ਼ਰਾਂ ਵਿਚ ਹਰੇਕ ਮਨੁੱਖ ਨੂੰ ਇਕੋ ਜਿਹਾ ਸਮਝਿਆ ਜਾਣ ਲੱਗਾ। ਉਪਰੋਕਤ ਸੁਧਾਰਾਂ ਦੇ ਸਿੱਟੇ ਵਜੋਂ ਲੂ ਰਾਜ ਨੇ ਤਰੱਕੀ ਕਰਨੀ ਸ਼ੁਰੂ ਕਰ ਦਿੱਤੀ। ਆਮ ਲੋਕ ਤਾਂ ਆਪਣੇ ਆਪ ਨੂੰ ਕਨਫ਼ਿਊਸ਼ਸ ਦੇ ਬੜੇ ਆਭਾਰੀ ਮਹਿਸੂਸ ਕਰਦੇ ਸਨ ਪਰ ਖੁਦਗਰਜ਼ ਲੋਕ ਜਿਨ੍ਹਾਂ ਤੇ ਸਰਕਾਰ ਦੇ ਬੰਧੇਜ ਲਗ ਚੁੱਕੇ ਸਨ ਉਹ ਬੜੇ ਦੁਖੀ ਸਨ। ਉਨ੍ਹਾਂ ਨੇ ਕਨਫ਼ਿਊਸ਼ਸ ਵਿਰੁੱਧ ਗੋਂਦਾਂ ਗੁੰਦਣੀਆਂ ਸ਼ੁਰੂ ਕਰ ਦਿੱਤੀਆਂ। ਪਰੰਤੂ ਕਨਫ਼ਿਊਸ਼ਸ ਦਾ ਪਤਨ ਲਿਆਉਣ ਵਿਚ ਸਭ ਤੋਂ ਵੱਧ ਰੋਲ ਸੀ ਦੇ ਸ਼ਾਸਕ ਨੇ ਅਦਾ ਕੀਤਾ ਜਿਸ ਪਾਸ ਆਪਣੇ ਦੇਸ਼ ਨਿਕਾਲੇ ਦੇ ਦਿਨਾਂ ਵਿਚ ਉਹ ਕੁਝ ਸਮਾਂ ਠਹਿਰੇ ਸੀ ਅਤੇ ਜਿਸ ਤੋਂ ਉਸ ਨੇ ਬਾਗੀਆਂ ਦੁਆਰਾ ਤਖ਼ਤ ਤੋਂ ਉਤਾਰੇ ਲੂ ਦੇ ਸ਼ਾਸਕ ਨੂੰ ਮੁੜ ਤਖ਼ਤ ਤੇ ਬਿਠਾਉਣ ਲਈ ਪ੍ਰੇਰਨਾ ਦਿੱਤੀ ਸੀ। ਸੀ ਦਾ ਸ਼ਾਸਕ ਲੂ ਦੀ ਪ੍ਰਗਤੀ ਨੂੰ ਵੇਖ ਕੇ ਸਹਾਰ ਨਾ ਸਕਿਆ ਅਤੇ ਉਸ ਦੇ ਮਨ ਵਿਚ ਈਰਖਾ ਦੀ ਅੱਗ ਭੜਕ ਉਠੀ। ਉਹ ਸੋਚਣ ਲੱਗਾ ਕਿ ਜੇ ਇਸ ਰਫ਼ਤਾਰ ਨਾਲ ਲੂ ਦਾ ਰਾਜ ਉੱਨਤੀ ਕਰਦਾ ਰਿਹਾ ਤਾਂ ਉਹ ਉਸ ਦੇ ਰਾਜ ਨਾਲੋਂ ਤਾਕਤਵਰ ਹੋ ਜਾਏਗਾ ਅਤੇ ਫਿਰ ਸ਼ਾਇਦ ਉਹ ਉਸ ਦੀ ਹੋਂਦ ਲਈ ਖ਼ਤਰਾ ਬਣ ਜਾਵੇ। ਉਸ ਨੂੰ ਇਹ ਡਰ ਵੀ ਭਾਸਣ ਲੱਗ ਪਿਆ ਕਿ ਕਿਤੇ ਉਸ ਦੇ ਲੋਕ ਵੀ ਉਸ ਪਾਸੋਂ ਉਹੋ ਜਿਹੇ ਸੁਧਾਰਾਂ ਦੀ ਮੰਗ ਨਾ ਕਰਨ ਜਿਹੋ ਜਿਹੇ ਸੁਧਾਰ ਲੂ ਦੀ ਸਰਕਾਰ ਦੇ ਸਰਕਾਰੀ ਪ੍ਰਬੰਧ ਤੇ ਸਮਾਜਿਕ ਸੰਗਠਨ ਦੇ ਸਬੰਧ ਵਿਚ ਕੀਤੇ ਗਏ ਸਨ।

ਇਸ ਕਰਕੇ ਉਸ ਨੇ ਕਨਫ਼ਿਊਸ਼ਸ ਨੂੰ ਲੂ ਵਿਖੇ ਸਰਕਾਰੀ ਪਦ ਤੋਂ ਹਟਾਉਣ ਲਈ ਇਕ ਯੋਜਨਾ ਬਣਾਈ। ਉਸ ਨੇ 80 ਖ਼ੂਬਸੂਰਤ ਮੁਟਿਆਰਾਂ ਚੁਣੀਆਂ। ਉਨ੍ਹਾਂ ਨੂੰ ਨਜਾਕਤ, ਨਖ਼ਰੇ ਅਤੇ ਨਾਚ-ਗਾਣੇ ਦੀ ਖੂਬ ਸਿੱਖਿਆ ਦਿੱਤੀ। ਫਿਰ ਉਸ ਨੇ ਉਨ੍ਹਾਂ ਨੂੰ ਬਹੁਤ ਸਾਰੇ ਸ਼ਾਨਦਾਰ ਘੋੜਿਆਂ ਸਮੇਤ ਲੂ ਦੇ ਸ਼ਾਸਕ ਪਾਸ ਤੋਹਫ਼ੇ ਦੇ ਤੌਰ ਤੇ ਭੇਜਿਆ। ਲੂ ਦਾ ਸ਼ਾਸਕ ਉਸ ਦੀ ਭੈੜੀ ਚਾਲ ਨੂੰ ਸਮਝ ਨਾ ਸਕਿਆ ਅਤੇ ਉਹ ਮੁਟਿਆਰਾਂ ਨਾਲ ਰੰਗ ਰਲੀਆਂ ਮਨਾਉਣ ਵਿਚ ਖਚਤ ਹੋ ਗਿਆ। ਇਹੋ ਹੀ ਕੰਮ ਉਸ ਦੇ ਦਰਬਾਰੀਆਂ ਅਤੇ ਨਿਕਟਵਰਤੀਆਂ ਨੇ ਕੀਤਾ। ਵੱਡੇ ਪੈਮਾਨੇ ਤੇ ਫ਼ਰਜ਼ਾਂ ਦੀ ਕੁਤਾਹੀ ਹੋਣੀ ਸ਼ੁਰੂ ਹੋ ਗਈ। ਇਸ ਮਾਹੌਲ ਵਿਚ ਸ਼ਾਸਕ ਤੇ ਦਰਬਾਰੀਆਂ ਨੇ ਕਨਫ਼ਿਊਸ਼ਸ ਤੇ ਉਸ ਦੇ ਚੇਲਿਆਂ ਦੀਆਂ ਸਿਆਣੀਆਂ ਗੱਲਾਂ ਵੱਲ ਧਿਆਨ ਦੇਣਾ ਛੱਡ ਦਿੱਤਾ। ਸਦਗੁਣਾਂ ਦੀ ਸਮਾਪਤੀ ਨੇ ਲੂ ਰਾਜ ਨੂੰ ਪਤਨ ਵਾਲੇ ਪਾਸੇ ਧਕੇਲ ਦਿੱਤਾ।

ਕਨਫ਼ਿਊਸ਼ਸ ਭਲਾ ਇਹ ਕਿਵੇਂ ਬਰਦਾਸ਼ਤ ਕਰ ਸਕਦਾ ਸੀ। ਉਨ੍ਹਾਂ ਨੇ ਮਜ਼ਬੂਰਨ ਲੂ ਰਾਜ ਨੂੰ ਛੱਡਣ ਦਾ ਫੈਸਲਾ ਕਰ ਲਿਆ ਅਤੇ ਇਸ ਤਰ੍ਹਾਂ ਉਨ੍ਹਾਂ ਨੇ ਦੂਜੀ ਵਾਰੀ ਦੇਸ਼ ਨਿਕਾਲਾ ਲੈ ਲਿਆ। ਉਨ੍ਹਾਂ ਨੂੰ ਖਿਆਲ ਸੀ ਕਿ ਉਨ੍ਹਾਂ ਦੇ ਇਸ ਕਦਮ ਨਾਲ ਲੂ ਰਾਜ ਦੇ ਸ਼ਾਸ਼ਕ ਅਤੇ ਹੋਰ ਅਧਿਕਾਰੀਆਂ ਦੀ ਆਤਮਾ ਝੁੰਜਲਾਏਗੀ ਅਤੇ ਉਹ ਉਸ ਨੂੰ ਵਾਪਸ ਮੁੜਨ ਲਈ ਬੇਨਤੀ ਕਰਨਗੇ। ਪਰ ਇਹ ਉਨ੍ਹਾਂ ਦੀ ਗਲਤ ਫਹਿਮੀ ਸੀ। ਕਿਸੇ ਨੇ ਵੀ ਉਨ੍ਹਾਂ ਨੂੰ ਨਾ

ਬੁਲਾਇਆ ਭਾਵੇਂ ਉਨ੍ਹਾਂ ਨੇ ਕਾਫ਼ੀ ਚਿਰ ਉਡੀਕ ਕੀਤੀ। ਵਾਸਤਵ ਵਿਚ ਲੂ ਵਿਖੇ ਸਦਗੁਣਾਂ ਦੇ ਅਲੋਪ ਹੋਣ ਨਾਲ ਦੁਰਜਨਾਂ ਦਾ ਬੋਲਬਾਲਾ ਹੋ ਗਿਆ ਸੀ ਅਤੇ ਉਹ ਐਸ਼-ਇਸ਼ਰਤ ਦੀ ਜ਼ਿੰਦਗੀ ਨੂੰ ਛੱਡਣ ਲਈ ਤਿਆਰ ਨਹੀਂ ਸਨ । ਇਸ ਲਈ ਉਨ੍ਹਾਂ ਨੇ ਕਨਫ਼ਿਊਸ਼ਸ ਦੇ ਸਾਰੇ ਯਤਨਾਂ ਨੂੰ ਅਸਫ਼ਲ ਬਣਾ ਦਿੱਤਾ ।

******

ਕਾਂਡ ਛੇਵਾਂ

## ਕਨਫ਼ਿਊਸ਼ਸ ਦੇ ਅੰਤਲੇ ਦਿਨ

ਕਨਫ਼ਿਊਸ਼ਸ ਮਾਯੂਸ ਨਹੀਂ ਹੋਏ, ਸਗੋਂ ਉਨ੍ਹਾਂ ਨੇ ਹੋਰ ਹੰਭਲਾ ਮਾਰਿਆ ਤੇ ਅਗਲੇ ਤੇਰ੍ਹਾਂ ਸਾਲ ਉਹ ਵੱਖ ਵੱਖ ਥਾਵਾਂ ਦਾ ਭਰਮਣ ਕਰਦੇ ਰਹੇ । ਉਹ ਲਗਭਗ ਆਪਣੇ ਸਮੇਂ ਦੇ ਚੀਨ ਦੇ ਸਾਰੇ ਰਾਜਾਂ ਵਿਚ ਗਏ । ਕਈ ਥਾਵਾਂ ਤੇ ਉਨ੍ਹਾਂ ਦਾ ਦਿਲੀ ਸਵਾਗਤ ਕੀਤਾ ਗਿਆ ਪਰ ਕਈ ਥਾਵਾਂ ਤੇ ਉਨ੍ਹਾਂ ਪ੍ਰਤੀ ਕੋਈ ਧਿਆਨ ਨਾ ਦਿੱਤਾ ਗਿਆ । ਕਈ ਸ਼ਾਸਕਾਂ ਨੇ ਉਨ੍ਹਾਂ ਨੂੰ ਪੈਨਸ਼ਨ ਦੇਣ ਦੀ ਪੇਸ਼ਕਸ਼ ਕੀਤੀ ਪਰ ਉਨ੍ਹਾਂ ਨੇ ਸਵੀਕਾਰ ਨਾ ਕੀਤੀ । ਇਕ ਸ਼ਾਸਕ ਨੇ ਉਨ੍ਹਾਂ ਨੂੰ ਇਕ ਸ਼ਹਿਰ ਦੀ ਆਮਦਨ ਪ੍ਰਵਾਨ ਕਰਨ ਲਈ ਬੇਨਤੀ ਕੀਤੀ। ਕਨਫ਼ਿਊਸ਼ਸ ਨੇ ਜਵਾਬ ਭੇਜਿਆ ਕਿ ਉੱਤਮ ਮਨੁਖ ਆਪਣੀਆਂ ਸੇਵਾਵਾਂ ਦਾ ਕੇਵਲ ਇਨਾਮ ਲੈ ਸਕਦੇ ਹਨ । ਮੈਂ ਸ਼ਾਸਕ ਨੂੰ ਕੁਝ ਹਦਾਇਤਾਂ ਕੀਤੀਆਂ ਸਨ ਉਸ ਨੇ ਉਨ੍ਹਾਂ ਨੂੰ ਉੱਕਾ ਹੀ ਨਹੀਂ ਮੰਨਿਆ। ਹੁਣ ਉਹ ਮੈਨੂੰ ਖਰੀਦਣਾ ਚਾਹੁੰਦਾ ਹੈ। ਕੁਝ ਚਾਵਲ ਖਾ ਕੇ, ਦੋ ਘੁਟ ਪਾਣੀ ਪੀ ਕੇ ਅਤੇ ਆਪਣੀਆਂ ਭੁਜਾਵਾਂ ਦਾ ਸਰਾਹਣਾ ਬਣਾ ਕੇ ਮੈਨੂੰ ਬੜਾ ਸਵਾਦ ਆਉਂਦਾ ਹੈ। ਦੁਰ-ਵਿਵਹਾਰ ਦੁਆਰਾ ਸੰਪਤੀ ਅਤੇ ਮਾਣ ਦੀ ਪ੍ਰਾਪਤੀ ਦੀ ਮੈਨੂੰ ਕੋਈ ਲੋੜ ਨਹੀਂ। ਇਹ ਮੇਰੀ ਦ੍ਰਿਸ਼ਟੀ ਵਿਚ ਆਕਾਸ਼ਾਂ ਵਿਚ ਉੱਡਦੇ ਬੱਦਲ ਹਨ। ਦੁਖ-ਸੁਖ ਨੂੰ ਉਹ ਸਮ ਕਰ ਜਾਣਦੇ ਸੀ। ਉਹ ਹਰ ਰੰਗ ਸ਼ਾਂਤ ਰਹਿੰਦੇ ਸਨ। ਇਕ ਗੱਲ ਉਤੇ ਉਨ੍ਹਾਂ ਦੇ ਸ਼ਿਸ਼ ਬੜੇ ਹੈਰਾਨ ਹੁੰਦੇ ਸਨ। ਇਕ ਵਾਰੀ ਦੀ ਗੱਲ ਹੈ ਕਿ ਕਨਫ਼ਿਊਸ਼ਸ ਨੇ ਕਈ ਦਿਨ ਢਿੱਡ ਭਰ ਕੇ ਖਾਣਾ ਨਾ ਖਾਧਾ। ਉਨ੍ਹਾਂ ਦੀ ਅਜਿਹੀ ਹਾਲਤ ਨੂੰ ਵੇਖ ਕੇ ਉਨ੍ਹਾਂ ਦੇ ਇਕ ਸ਼ਿਸ਼ ਨੂੰ ਬੜਾ ਦੁੱਖ ਹੋਇਆ। ਉਸ ਨੇ ਪੁੱਛਿਆ, “ਕੀ ਇਹ ਮਹਾਨ ਵਿਅਕਤੀ ਲਈ ਜ਼ਰੂਰੀ ਹੈ ਕਿ ਉਹ ਭੁੱਖ-ਨੰਗ ਨੂੰ ਸਹੇ?” ਅੱਗੋਂ ਝਟ ਕਨਫ਼ਿਊਸ਼ਸ ਨੇ ਜਵਾਬ ਦਿੱਤਾ, ‘ਉੱਤਮ ਪੁਰਸ਼ਾਂ ਨੂੰ ਇਹ ਸਭ ਕੁਝ ਸਹਿਣਾ ਪੈਂਦਾ ਹੈ, ਪਰ ਉਹ ਕਦੇ ਵੀ ਸੰਤੁਲਨ ਤੇ ਸਹਿਜ ਨੂੰ ਆਪਣੇ ਵਿਚ ਖ਼ਤਮ ਨਹੀਂ ਹੋਣ ਦਿੰਦੇ। ਛੋਟੇ ਮਨੁੱਖ ਇਨ੍ਹਾਂ ਹਾਲਤਾਂ ਵਿਚ ਆਪਣਾ ਆਪ ਗੁਆ ਬੈਠਦੇ ਹਨ।”

ਅਖ਼ੀਰ ਉਹ ਸੁਨੇਹਾ ਆ ਹੀ ਪੁੱਜਾ ਜਿਸ ਦੀ ਚਿਰਾਂ ਤੋਂ ਉਨ੍ਹਾਂ ਨੂੰ ਉਡੀਕ ਸੀ । ਲੂ ਦਾ ਉਹ ਸ਼ਾਸਕ ਜਿਸ ਦੇ ਗ਼ਲਤ ਵਤੀਰੇ ਤੋਂ ਖਿਝ ਕੇ ਉਨ੍ਹਾਂ ਨੇ ਸਰਕਾਰੀ ਪਦ ਤੋਂ ਅਸਤੀਫਾ ਦਿੱਤਾ ਸੀ, ਮਰ ਗਿਆ ਅਤੇ ਉਸ ਦੀ ਥਾਂ ਤੇ ਉਸ ਦਾ ਪੁੱਤਰ ਤਖ਼ਤ ਤੇ ਬੈਠਾ । ਜਦੋਂ ਉਸ ਨੇ ਆਪਣੇ ਇਕ ਜਰਨੈਲ ਕੋਲੋਂ ਕਨਫ਼ਿਊਸ਼ਸ ਦੀ ਬਹੁਪੱਖੀ ਪ੍ਰਤਿਭਾ ਬਾਬਤ ਸੁਣਿਆ ਤਾਂ ਉਸ ਨੇ ਉਸ ਨੂੰ ਬੇਨਤੀ ਕੀਤੀ ਕਿ ਉਹ ਕਨਫ਼ਿਊਸ਼ਸ ਨੂੰ ਮੋੜ ਲਿਆਵੇ । ਉਹ ਉਨ੍ਹਾਂ ਨੂੰ ਰਾਜ ਦਾ ਸਾਰਾ ਕੰਮ-ਕਾਜ ਸੌਂਪ ਦੇਵੇਗਾ ਤਾਂ ਜੋ ਮੁੜ ਲੂ ਰਾਜ ਉੱਨਤੀ ਦੇ ਰਾਹ ਤੇ ਟੁਰ ਪਵੇ।

ਪਰੰਤੂ ਕਨਫ਼ਿਊਸ਼ਸ 70 ਸਾਲਾਂ ਦੇ ਹੋ ਚੁੱਕੇ ਸੀ ਅਤੇ ਕਈ ਸਾਲ ਆਪਣੇ ਘਰ ਤੋਂ ਦੂਰ ਪ੍ਰਦੇਸ਼ ਵਿਚ ਰਹਿਣ ਕਾਰਨ ਉਨ੍ਹਾਂ ਦੀ ਸਿਹਤ ਵੀ ਕਮਜ਼ੋਰ ਹੋ ਚੁੱਕੀ ਸੀ । ਫ਼ਿਰ ਵੀ ਉਹ ਲੂ ਵਿਖੇ ਵਾਪਸ ਪਰਤ ਆਏ, ਪਰੰਤੂ ਉਨ੍ਹਾਂ ਨੇ ਰਾਜ ਦੇ ਕਿਸੇ ਪਦ ਨੂੰ ਸਵੀਕਾਰ ਕਰਨ ਦੀ ਬਜਾਏ ਸ਼ਾਂਤੀ ਪੂਰਵਕ ਰਹਿਣਾ ਵਧੇਰੇ ਮੁਨਾਸਿਬ ਸਮਝਿਆ । ਇਥੇ ਉਹ ਆਪਣੇ ਸ਼ਿਸ਼ਾਂ ਨੂੰ ਆਪਣੇ ਅਨੁਭਵਾਂ ਅਤੇ ਤਜ਼ਰਬਿਆਂ ਤੋਂ ਜਾਣੂੰ ਕਰਾਉਂਦੇ ਰਹੇ ।

ਲੂ ਆਉਣ ਤੋਂ ਪਿਛੋਂ ਉਹ ਪੰਜ ਸਾਲ ਜਿੰਦਾ ਰਹੇ । ਇਸ ਦੌਰਾਨ ਉਨ੍ਹਾਂ ਨੇ ਇਕ ਪੁਸਤਕ ਲਿਖੀ ਜਿਸ ਵਿਚ ਉਨ੍ਹਾਂ ਨੇ 242 ਸਾਲਾਂ ਦੇ ਚੀਨ ਦੇ ਸਮਾਜਿਕ ਅਤੇ ਰਾਜਨੀਤਿਕ ਵਿਕਾਸ ਦੀ ਸੰਖੇਪ ਕਹਾਣੀ ਦਿਤੀ ਹੈ । ਇਹ ਰਚਨਾ ਕਨਫ਼ਿਊਸ਼ਸ ਦੇ ਆਪਣੇ ਕਥਨ ਅਨੁਸਾਰ ਉਨ੍ਹਾਂ ਦੀ ਜ਼ਿੰਦਗੀ ਦੀ ਸਹੀ ਤਸਵੀਰ ਪੇਸ਼ ਕਰੇਗੀ ਜਿਸ ਦੇ ਆਧਾਰ ਤੇ ਲੋਕ ਉਨ੍ਹਾਂ ਦੀ ਪ੍ਰਸ਼ੰਸਾ ਜਾਂ ਨਿੰਦਾ ਕਰ ਸਕਣਗੇ । ਇਹ ਯਕੀਨਨ ਚੀਨੀ ਵਿਦਵਤਾ ਦੇ ਸਿਖਰ ਦਾ ਲਖਾਇਕ ਸੀ । ‘ਲੀ-ਚੀਈ’ ਅਥਵਾ ਰੀਤ ਅਭਿਲੇਖ, ‘ਈਚਿਨ’ ਅਥਵਾ ‘ਪਰਿਵਰਤਨਾਂ ਦੀ ਪੁਸਤਕ’ ਤੇ ‘ਸਉ ਚਿੰਗ’ ‘ਅਥਵਾ’ ‘ਇਤਿਹਾਸ ਦੀ ਪੁਸਤਕ ‘ਕਨਫ਼ਿਊਸ਼ਸ ਦੀਆਂ ਹੋਰ ਮੌਲਿਕ ਰਚਨਾਵਾਂ ਸਨ । ਲੀ ਚੀ ਈ ਵਿਚ ਚਰਿੱਤਰ ਨਿਰਮਾਣ ਤੇ ਸਮਾਜਿਕ ਸਥਿਰਤਾ ਤੇ ਸ਼ਾਂਤੀ ਲਈ ਲੋੜੀਂਦੀਆਂ ਗੱਲਾਂ ਦਸੀਆਂ ਹਨ । ‘ਈ ਚਿਨ’, ਅਧਿਆਤਮਕ ਗਿਆਨ ਉਤੇ ਇਕ ਭਾਸ਼ਾ ਹੈ । ‘ਸਉ ਚਿੰਗ’ (Shu ching) ਚੀਨ ਦੇ ਪਹਿਲੇ ਸਮਿਆਂ ਦਾ ਇਤਿਹਾਸ ਹੈ।

ਇਸ ਤੋਂ ਬਾਅਦ ਉਸ ਨੇ ‘ਸੁਰ ਚੀਨ' ਅਰਥਾਤ ਭਜਨਾਂ ਦੀ ਪੁਸਤਕ ਦੀ ਵੀ ਰਚਨਾ ਕੀਤੀ ਹੈ । ਇਸ ਪੁਸਤਕ ਵਿਚ 350 ਭਜਨ ਹਨ ਜਿਨ੍ਹਾਂ ਦੇ ਵਿਸ਼ੇ ਕਈ ਪ੍ਰਕਾਰ ਦੇ ਜਿਵੇਂ ਧਰਮ, ਯੁੱਧ ਤੇ ਪਰੇਮ ਸਬੰਧੀ ਹਨ । ਇਕ ਭਜਨ ਦਾ ਨਿਮਨ-ਲਿਖਤ ਭਾਗ ਇਕ ਪ੍ਰੇਮਿਕਾ ਦੇ ਇਕੱਲ ਭਾਵ ਨੂੰ ਦਰਸਾਉਂਦਾ ਹੈ :-

ਊਸ਼ਾ ਦਾ ਵਿਭਵ ਮੇਰੇ ਸਿਰ ਉਤੇ ਛਾ ਰਿਹਾ ਹੈ
ਸ੍ਰੋਤ ਤੇ ਉਦੇ, ਨੀਲੇ ਤੇ ਲਾਲ ਫੁੱਲ
ਮੈਂ ਅਸ਼ਾਂਤ ਹਾਂ ।
ਹੇਠਾਂ ਸੁਕ ਰਹੇ ਘਾਹ ਵਿਚ ਕੁਝ ਹਿਲਿਆ
ਮੈਂ ਸਮਝਿਆ ਉਸ ਦੇ ਪੈਰਾਂ ਦੀ ਚਾਪ ਹੈ
ਫਿਰ ਇਕ ਟਿੱਡੇ ਨੇ ਚਿਰ ਚਿਰ ਕੀਤੀ
ਮੈਂ ਉਸ ਨੂੰ ਦਪਤ ਵਾਲੇ ਰਾਹ ਆਉਂਦਿਆਂ ਵੇਖਿਆ ।
ਮੇਰੇ ਦਿਲ ਦਾ ਭਾਰ ਲਹਿ ਗਿਆ ।

ਕਨਫ਼ਿਊਸ਼ਸ ਸਰੂ ਦੇ ਕਦ ਵਾਲੇ ਸੁੰਦਰ ਵਿਅਕਤੀ ਸਨ । ਉਨ੍ਹਾਂ ਦੀ ਚਾਲ ਨਿਰਾਲੀ ਸੀ । ਉਹ ਜਦੋਂ ਟੁਰਦੇ, ਬਾਹਾਂ ਖਿਲਾਰ ਕੇ ਟੁਰਦੇ। ਇੰਜ ਲੱਗਦਾ ਸੀ ਕਿ ਉਹ ਹਰ

ਵੇਲੇ ਕਿਸੇ ਨਵੇਂ ਸੁਨੇਹੇ ਨੂੰ ਲੋਕਾਂ ਤੀਕ ਪਹੁੰਚਾਉਣ ਲਈ ਵਿਆਕੁਲ ਸਨ । ਇਸ ਦੇ ਬਾਵਜੂਦ ਵੀ ਉਹ ਆਪ ਲੋਕਾਂ ਨਾਲ ਘੁਲਣ ਮਿਲਣ ਤੋਂ ਸੰਕੋਚ ਕਰਦੇ ਸੀ ਸ਼ਾਇਦ ਇਸ ਲਈ ਕਿ ਉਹ ਚਾਹੁੰਦੇ ਸੀ ਕਿ ਲੋਕ ਉਨ੍ਹਾਂ ਦੇ ਬੋਲਾਂ ਨੂੰ ਸਦਾ ਸੰਜੀਦਗੀ ਨਾਲ ਸੁਣਨ ਤੇ ਜੀਵਨ ਵਿਚ ਅਪਨਾਉਣ । ਉਹ ਪਿਆਰ ਉਭਾਰਦੇ ਸੀ ਪਰੰਤੂ ਕਿਸੇ ਨੂੰ ਆਪਣੇ ਬਹੁਤੇ ਨੇੜੇ ਨਹੀਂ ਆਉਣ ਦਿੰਦੇ ਸੀ ਸ਼ਾਇਦ ਇਸ ਲਈ ਕਿ ਵਧੇਰੇ ਨੇੜਤਾ ਸਨਮਾਨ ਦੀ ਭਾਵਨਾ ਨੂੰ ਘਟਾਉਂਦੀ ਹੈ । ਉਨ੍ਹਾਂ ਦੇ ਮੂੰਹ ਵਿੱਚੋਂ ਨਿਕਲਿਆ ਹਰ ਸ਼ਬਦ ਸਿਆਣਪ ਦਾ ਮੁਜਸਮਾ ਸੀ ਜਿਸ ਨੂੰ ਸੰਭਾਲਣ ਤੇ ਹਰੇਕ ਦਾ ਜੀਅ ਕਰਦਾ ਸੀ । ਉਹ ਆਪਣੀ ਸਿਆਣਪ ਅਤੇ ਸਦਗੁਣਾਂ ਕਰਕੇ ਆਮ ਜਨਤਾ ਨਾਲੋਂ ਨਿਵੇਕਲੇ ਤੇ ਬਹੁਤ ਉਚੇਰੇ ਸੀ ।

479 ਈ. ਪੂਰਵ ਵਿਚ ਉਹ ਅਕਾਲ ਚਲਾਣਾ ਕਰ ਗਏ । ਉਨ੍ਹਾਂ ਦਾ ਅੰਤ ਬੜੀ ਦੀਨਤਾ ਵਿਚ ਹੋਇਆ । "ਸਾਮਰਾਜ ਵਿਚ ਇਕ ਵੀ ਨਹੀਂ ਮੈਨੂੰ ਆਪਣਾ ਗੁਰੂ ਮੰਨਣ ਵਾਲਾ। ਨਿਸਚੇ ਹੀ ਮੇਰਾ ਮਰਨ ਸਮਾਂ ਆ ਪਹੁੰਚਿਆ ਹੈ" । ਉਨ੍ਹਾਂ ਦਾ ਅੰਤਿਮ ਕਥਨ ਸੀ । ਕਿਉ ਫੌ ਨਾਂ ਦੇ ਸ਼ਹਿਰ ਤੋਂ ਜ਼ਰਾ ਪਰ੍ਹੇ ਇਕ ਪਹਾੜੀ ਉਪਰ ਬ੍ਰਿਛਾਂ ਦੀ ਗੂੜ੍ਹੀ ਛਾਂ ਹੇਠਾਂ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ ਤੇ ਫਿਰ ਉਸ ਥਾਂ 'ਤੇ ਉਨ੍ਹਾਂ ਦਾ ਸੰਗਮਰਮਰ ਦਾ ਬੁੱਤ ਬਣਾਇਆ ਗਿਆ ਤਾਂ ਜੋ ਉਨ੍ਹਾਂ ਦੀ ਯਾਦ ਸਦਾ ਲਈ ਕਾਇਮ ਰਹੇ । ਕਹਿੰਦੇ ਹਨ ਕਿ ਤਿੰਨ ਸਾਲ ਤਕ ਉਨ੍ਹਾਂ ਦੇ ਸ਼ਿਸ਼ ਉਸ ਬੁਤ ਪਾਸ ਸੋਗ ਮਨਾਉਂਦੇ ਰਹੇ । ਉਨ੍ਹਾਂ ਦੀ ਆਪਣੇ ਗੁਰੂ ਪ੍ਰਤੀ ਭਾਵਨਾ ਤੇ ਸ਼ਰਧਾ ਦੀਆਂ ਧੂਮਾਂ ਚੀਨ ਵਿਚ ਦੂਰ ਦੂਰ ਤਕ ਫੈਲ ਗਈਆਂ । ਇਸ ਤੋਂ ਪਿਛੋਂ ਉਨ੍ਹਾਂ ਨੇ ਆਪਣੇ ਗੁਰੂ ਦੇ ਸੰਕਲਪਾਂ ਅਤੇ ਸਿਧਾਂਤਾਂ ਦਾ ਇੰਨੇ ਜ਼ੋਰ ਨਾਲ ਪ੍ਰਚਾਰ ਕੀਤਾ ਕਿ ਉਹ ਚੀਨੀ ਸੱਭਿਅਤਾ ਦਾ ਵਡਮੁੱਲਾ ਅੰਗ ਬਣ ਗਏ ।

ਕਨਫ਼ਿਊਸ਼ਸ ਦੇ ਮਰਨ ਪਿੱਛੋਂ ਉਨ੍ਹਾਂ ਦੇ ਅਨੁਯਾਈਆਂ ਨੇ ਉਨ੍ਹਾਂ ਨੂੰ ਦੇਵਤਾ ਬਣਾ ਦਿੱਤਾ । ਈਸਵੀ ਸਦੀ ਦੇ ਪਹਿਲੇ ਸਾਲ ਵਿਚ ਉਨ੍ਹਾਂ ਨੂੰ ਸਰਵ ਪੂਰਨ ਸਰਵ-ਪ੍ਰਸਿੱਧ ਗਿਆਨੀ ਕਿਹਾ ਜਾਣ ਲੱਗ ਪਿਆ । 1457 ਈ. ਤੋਂ ਪਿੱਛੋਂ ਉਨ੍ਹਾਂ ਨਮਿਤ ਯੱਗ ਕਰਨ ਦੇ ਆਦੇਸ਼ ਹੋਏ । 402 ਈ. ਵਿਚ ਉਨ੍ਹਾਂ ਨੂੰ ਪੁੱਜਿਆ ਹੋਇਆ ਰਿਸ਼ੀ ਮੰਨ ਲਿਆ ਗਿਆ । ਮਹਾਰਾਣੀ ਡਾਉਜਰ ਨੇ ਉਨ੍ਹਾਂ ਨੂੰ ਆਕਾਸ਼ ਤੇ ਪ੍ਰਿਥਵੀ ਦੇ ਦੇਵਤਿਆਂ ਵਿਚ ਸ਼ਾਮਲ ਕਰ ਲਿਆ ਪਰ ਉਨ੍ਹਾਂ ਨੇ ਆਪਣੇ ਜਿਉਂਦੇ ਜੀਅ ਕਦੀ ਵੀ ਆਪਣੇ ਆਪ ਨੂੰ ਧਾਰਮਿਕ ਨਹੀਂ ਦੱਸਿਆ ਤੇ ਨਾ ਹੀ ਉਨ੍ਹਾਂ ਨੇ ਕਿਸੇ ਧਰਮ ਦੀ ਨੀਂਹ ਰੱਖੀ ਸੀ ।

ਡੂ ਬੋਸ (Du Bose) ਅਨੁਸਾਰ, ਉਹ ਧਾਰਮਿਕ ਰਹੁ-ਰੀਤਾਂ ਨੂੰ ਉੱਕਾ ਹੀ ਨਹੀਂ ਸੀ ਮੰਨਦਾ ਅਤੇ ਨਾ ਹੀ ਉਸ ਨੇ ਕਿਸੇ ਧਾਰਮਿਕ ਫ਼ਿਲਾਸਫੀ ਦਾ ਪ੍ਰਚਾਰ ਕੀਤਾ ਸੀ। ਜੇ ਉਹ ਅੱਜ ਜਿਉਂਦਾ ਹੁੰਦਾ ਤਾਂ ਯਕੀਨਨ ਉਸ ਨੂੰ ਲੋਕ (ਨਾਸਤਿਕ) ਕਹਿੰਦੇ, ਕਿਉਂਕਿ ਭਾਵੇਂ ਉਹ ਅਧਿਆਤਮਿਕ ਸ਼ਕਤੀਆਂ ਵਿਚ ਵਿਸ਼ਵਾਸ ਰੱਖਦਾ ਸੀ, ਪਰ ਉਸ ਸਮੇਂ ਉਨ੍ਹਾਂ ਦੇ ਆਪਣੇ

ਸਮਾਜ ਉਪਰ ਪ੍ਰਭਾਵ ਨੂੰ ਨਹੀਂ ਸੀ ਮੰਨਦਾ। ਉਹ ਅਕਸਰ ਕਿਹਾ ਕਰਦਾ ਸੀ, "ਅਧਿਆਤਮਿਕ ਸ਼ਕਤੀਆਂ ਦਾ ਆਦਰ ਕਰੋ, ਪਰ ਉਨ੍ਹਾਂ ਨੂੰ ਆਪਣੇ ਨੇੜੇ ਨਾ ਆਉਣ ਦਿਉ।"

******

ਕਾਂਡ ਸੱਤਵਾਂ

# ਉੱਤਮ ਮਨੁੱਖ ਦੀ ਸਿਰਜਨਾ

ਕਨਫ਼ਿਊਸ਼ਸ ਗਤੀਸ਼ੀਲ ਅਤੇ ਤੀਬਰ ਚਿਤ ਸੀ। ਉਸ ਨੇ ਜਦੋਂ ਸਮਕਾਲੀ ਸਮਾਜ ਦੀ ਅਧੋਗਤੀ ਨੂੰ ਵੇਖਿਆ ਤਾਂ ਉਸ ਨੇ ਇਸ ਨੂੰ ਸੁਧਾਰਨ ਦਾ ਫੈਸਲਾ ਕਰ ਲਿਆ । ਆਪਣੇ ਮੰਤਵ ਦੀ ਪੂਰਤੀ ਲਈ ਉਸ ਨੇ ਇਕ ਨਿਵੇਕਲੀ ਵਿਚਾਰਧਾਰਾ ਦਾ ਪ੍ਰਚਾਰ ਕੀਤਾ । ਉਸ ਦਾ ਵਿਸ਼ਵਾਸ ਸੀ ਕਿ ਜੇ ਚੀਨੀ ਉਸ ਨੂੰ ਅਪਨਾਉਣਗੇ ਤਾਂ ਉਹ ਜ਼ਰੂਰ ਸਰਵਪੱਖੀ ਉਨਤੀ ਦਾ ਸਿਖਰ ਛੂਹ ਲੈਣਗੇ । ਉਸ ਦੀ ਵਿਚਾਰਧਾਰਾ ਦੇ ਮੁੱਖ ਤੱਥ ਨਿਮਨ ਅਨੁਸਾਰ ਸਨ ।

ਮੁੱਖ ਗੱਲ ਜਿਸ ਉਤੇ ਕਨਫ਼ਿਊਸ਼ਸ ਨੇ ਸਭ ਤੋਂ ਵੱਧ ਜ਼ੋਰ ਦਿਤਾ ਉਸ ਨੂੰ ਚੀਨੀ ਭਾਸ਼ਾ ਵਿਚ ਜ਼ੈੱਨ ਕਿਹਾ ਜਾਂਦਾ ਹੈ। ਇਸ ਦਾ ਭਾਵ ਸੀ, ਮਨੁੱਖਾਂ ਨੂੰ ਪਿਆਰ ਕਰਨਾ, ਸੱਚੇ ਦਿਲੋਂ ਦਿਲ ਦੀਆਂ ਡੂੰਘਾਈਆਂ ਤੋਂ। ਵਾਸਤਵ ਵਿਚ ਜ਼ੈੱਨ ਹਰ ਮਨੁੱਖ ਦਾ ਜਮਾਂਦਰੂ ਵਿਰਸਾ ਹੈ ਅਤੇ ਇਸ ਨੂੰ ਵਿਕਸਿਤ ਕਰਨਾ ਮਨੁੱਖੀ ਜੀਵਨ ਦਾ ਨਿਸ਼ਾਨਾ ਹੋਣਾ ਚਾਹੀਦਾ ਹੈ। ਜਿਨ੍ਹਾਂ ਮਨੁੱਖਾਂ ਦੇ ਹਿਰਦੇ ਅੰਦਰ ਜ਼ੈੱਨ ਦਾ ਨਿਵਾਸ ਹੁੰਦਾ ਹੈ, ਉਹ ਸਦਾ ਖੁਸ਼ ਤੇ ਖਿੜੇ ਰਹਿੰਦੇ ਹਨ। ਇਸ ਤੋਂ ਸਖਣੇ ਉਹ ਜੀਉਣਾ ਵੀ ਪਸੰਦ ਨਹੀਂ ਕਰਦੇ ਅਤੇ ਇਸ ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਵਾਸਤੇ ਤੱਤਪਰ ਰਹਿੰਦੇ ਹਨ। ਮਾਤਾ ਪਿਤਾ ਲਈ ਬੱਚਿਆਂ ਦੇ ਮਨ ਵਿਚ ਪਿਆਰ ਭਾਵਨਾ ਦੀ ਹੋਂਦ ਕੁਦਰਤੀ ਹੈ ਅਤੇ ਇਹ ਕੌਤਕ ਇਕ ਤਰ੍ਹਾਂ ਨਾਲ ਜ਼ੈੱਨ ਦੇ ਪ੍ਰਗਟਾ ਦੀ ਪਹਿਲੀ ਮਿਸਾਲ ਹੁੰਦੀ ਹੈ। ਇਹ ਹੀ ਭਾਵ ਪਰਿਵਾਰ ਤੇ ਫਿਰ ਸਮਾਜ ਨੂੰ ਹੋਂਦ ਵਿਚ ਲਿਆਉਂਦਾ ਹੈ ।

ਜ਼ੈੱਨ ਦੇ ਗੁਣ ਨੂੰ ਧਾਰਨ ਕਰਨ ਦੇ ਨਾਲ ਨਾਲ ਕਨਫ਼ਿਊਸ਼ਸ ਨੇ ਮਨੁੱਖ ਨੂੰ ਇਹ ਹਦਾਇਤ ਕੀਤੀ ਕਿ ਉਹ ਆਪ ਸਦਗੁਣੀ ਬਣੇ ਅਤੇ ਸ਼ੁਭ ਕੰਮ ਕਰੇ । ਜੋ ਇਨ੍ਹਾਂ ਗੱਲਾਂ ਨੂੰ ਧਾਰਨ ਕਰੇਗਾ, ਉਹ ਉੱਤਮ ਪੁਰਸ਼ ਬਣ ਜਾਵੇਗਾ । ਕਨਫ਼ਿਊਸ਼ਸ ਦੀ ਤੀਬਰ ਇੱਛਾ ਸੀ ਕਿ ਹਰ ਮਨੁੱਖ ਉੱਤਮ ਬਣੇ । ਵਾਸਤਵ ਵਿਚ ਉਹ ਇਹ ਸਮਝਦੇ ਸੀ ਕਿ ਉਨ੍ਹਾਂ ਦਾ ਸਮਾਜਿਕ ਸੁਧਾਰ ਦਾ ਪ੍ਰੋਗਰਾਮ ਤਾਂ ਕਾਰਜੀ ਰੂਪ ਧਾਰਨ ਕਰ ਸਕਦਾ ਹੈ ਜੇ ਉੱਤਮ ਮਨੁੱਖ ਉਸ ਨੂੰ ਅਪਣਾਉਣਗੇ । ਉੱਤਮ ਮਨੁੱਖ ਬਾਰੇ ਕਨਫ਼ਿਊਸ਼ਸ ਨੇ ਇੰਜ ਕਿਹਾ :

"ਉੱਤਮ ਮਨੁੱਖ ਸਦਗੁਣਾਂ ਨੂੰ ਅਪਣਾਉਣ ਦਾ ਚਾਹਵਾਨ ਹੁੰਦਾ ਹੈ । ਘਟੀਆ ਮਨੁੱਖ ਭੌਤਿਕ ਅਰਥਾਤ ਦੁਨਿਆਵੀ ਪਦਾਰਥਾਂ ਵੱਲ ਦੌੜਦਾ ਹੈ । ਉੱਤਮ ਮਨੁੱਖ ਸਚਾਈ ਦੀ ਭਾਲ ਕਰਦਾ ਹੈ, ਘਟੀਆ ਮਨੁੱਖ ਦੇ ਸਨਮੁਖ ਕੇਵਲ ਮੁਨਾਫ਼ਾ ਰਹਿੰਦਾ ਹੈ ।

ਉੱਤਮ ਮਨੁੱਖ ਆਪਣੇ ਆਪ ਨੂੰ ਉਚੇਰਾ ਬਣਾਉਂਦਾ ਹੈ । ਉਹ ਪਵਿੱਤਰ ਸਮ-ਦ੍ਰਿਸ਼ਟੀ ਵਾਲਾ ਹੁੰਦਾ ਹੈ, ਪੱਖ-ਪਾਤੀ ਨਹੀਂ, ਜਦੋਂ ਕਿ ਸਾਧਾਰਨ ਮਨੁੱਖ ਪੱਖ-ਪਾਤੀ ਨਹੀਂ, ਜਦੋਂ ਕਿ ਸਧਾਰਨ ਮਨੁੱਖ ਪੱਖਪਾਤੀ ਹੁੰਦਾ ਹੈ ਨਾ ਕਿ ਸਮ-ਦ੍ਰਿਸ਼ਟੀ ਵਾਲਾ । ਉੱਤਮ ਮਨੁੱਖ ਦੇ ਬੋਲ

ਜਚਵੇਂ ਅਤੇ ਸੰਖੇਪ ਹੁੰਦੇ ਹਨ। ਉਹ ਕਰਨੀ ਨੂੰ ਕਥਨੀ ਦੇ ਟਾਕਰੇ ਪਹਿਲ ਦਿੰਦਾ ਹੈ ਅਤੇ ਫਿਰ ਕਰਨੀ ਅਨੁਸਾਰ ਬੋਲਦਾ ਹੈ ਤਾਂ ਜੋ ਕਰਨੀ ਅਤੇ ਕਥਨੀ ਵਿਚ ਕੋਈ ਫਰਕ ਨਾ ਰਹੇ । ਉਹ ਬੇਅਰਥ ਝਗੜਿਆਂ ਵਿਚ ਨਹੀਂ ਪੈਂਦਾ । ਉਹ ਸੰਜਮ ਦੇ ਰਾਹ ਤੇ ਤੁਰਦਾ ਹੈ । ਉਹ ਜੋ ਆਪਣੇ ਵਿਚ ਘਾਟ ਅਨੁਭਾਵ ਕਰਦਾ ਹੈ, ਉਸ ਨੂੰ ਪੂਰਾ ਕਰਨ ਲਈ ਸਦਾ ਯਤਨਸ਼ੀਲ ਰਹਿੰਦਾ ਹੈ ਜਦੋਂ ਕਿ ਸਧਾਰਣ ਮਨੁੱਖ ਲੋਕਾਂ ਪਾਸੋਂ ਜੋ ਕੁਝ ਬਟੋਰ ਸਕੇ ਬਟੋਰ ਲੈਂਦਾ ਹੈ । ਉੱਤਮ ਮਨੁੱਖ ਸਦਾ ਇਸ ਸੰਸੇ ਵਿਚ ਰਹਿੰਦਾ ਹੈ ਕਿ ਕਿਤੇ ਉਹ ਸੱਚਾਈ ਦੀ ਰਾਹ ਤੋਂ ਥਿੜਕ ਨਾ ਜਾਵੇ । ਉਹ ਗਰੀਬੀ ਜਾਂ ਅਜਿਹੀ ਕਿਸੇ ਹੋਰ ਵਸਤੂ ਤੋਂ ਭੈ-ਭੀਤ ਨਹੀਂ ਹੁੰਦਾ । ਉਸ ਨੂੰ ਸਦਾ ਲੋੜੀਂਦੀ ਯੋਗਤਾ ਪੈਦਾ ਕਰਨ ਦਾ ਤੌਖਲਾ ਲੱਗਾ ਰਹਿੰਦਾ ਹੈ । ਗੱਲ ਕੀ ਉੱਤਮ ਮਨੁੱਖ ਦਾ ਕੋਈ ਵੀ ਮੁਕਾਬਲਾ ਨਹੀਂ ਕਰ ਸਕਦਾ ।

ਉਪਰੋਕਤ ਗੁਣਾਂ ਤੋਂ ਇਲਾਵਾ ਕਨਫ਼ਿਊਸ਼ਸ ਉੱਤਮ ਵਿਅਕਤੀ ਬਾਰੇ ਕੁਝ ਹੋਰ ਗੱਲਾਂ ਵੀ ਕਹਿੰਦੇ ਹਨ :-

"ਉੱਚ ਵਿਅਕਤੀ ਲਈ ਨੌਂ ਵਿਸ਼ੇ ਉਸ ਦੇ ਚਿੰਤਨ ਦੇ ਅਧਿਕਾਰੀ ਹਨ । ਆਪਣੀਆਂ ਅੱਖਾਂ ਦੀ ਵਰਤੋਂ ਵਿਚ ਉਹ ਸਪਸ਼ਟ ਦ੍ਰਿਸ਼ਟੀ ਦਾ ਚਾਹਵਾਨ ਹੁੰਦਾ ਹੈ । ਆਪਣੇ ਚਿਹਰੇ ਬਾਬਤ ਉਹ ਚਾਹੁੰਦਾ ਹੈ ਕਿ ਇਹ ਦਇਆਵਾਨ ਹੋਵੇ । ਆਪਣੀ ਦੇਖ-ਰੇਖ ਬਾਰੇ ਉਹ ਚਾਹੁੰਦਾ ਹੈ ਕਿ ਇਹ ਆਦਰ ਭਾਵੀ ਹੋਵੇ । ਆਪਣੇ ਵਚਨ ਬਾਰੇ ਉਹ ਚਾਹੁੰਦਾ ਹੈ ਕਿ ਸੁਹਿਰਦ ਹੋਵੇ । ਆਪਣੇ ਵਿਹਾਰ ਬਾਰੇ ਉਹ ਚਾਹੁੰਦਾ ਹੈ ਕਿ ਸਮਾਨਭਾਵੀ, ਪਰ ਸਾਵਧਾਨ ਹੋਵੇ । ਆਪਣੇ ਸੰਸਿਆਂ ਬਾਰੇ ਉਹ ਦੂਜਿਆਂ ਪਾਸੋਂ ਪੁੱਛ ਗਿੱਛ ਕਰਨ ਦਾ ਤਾਂਘੀ ਹੋਵੇ । ਜਦੋਂ ਉਹ ਕਿਧਰੋਂ ਲਾਭ ਵੇਖੇ ਤਾਂ ਉਸ ਦੀ ਪ੍ਰਾਪਤੀ ਦੇ ਸਾਧਨਾਂ ਵਲ ਧਿਆਨ ਦੇਵੇ ਕਿ ਕੀ ਉਹ ਸ਼ੁਭ ਹਨ ।"

ਉੱਤਮ ਮਨੁੱਖ ਦੀ ਸਿਰਜਨਾ ਕਨਫ਼ਿਊਸ਼ਸ ਦਾ ਮੂਲ ਮਨੋਰਥ ਸੀ । ਉਨ੍ਹਾਂ ਨੇ ਦੇਵਤਿਆਂ ਅਤੇ ਧਾਰਮਿਕ ਕਰਮਕਾਂਡਾਂ ਬਾਰੇ ਬਹੁਤ ਘਟ ਕਥਨ ਕੀਤਾ ਹੈ । ਉਨ੍ਹਾਂ ਨੂੰ ਪਰੀ-ਕਹਾਣੀਆਂ, ਸਾਹਸੀ ਕੰਮਾਂ, ਘੋਰ ਅਪਰਾਧਾਂ ਤੇ ਦੇਵਤਿਆਂ ਦੀ ਉਪੇਖਿਆ ਕਰਨ ਵਾਲਾ ਸਮਝਿਆ ਜਾਂਦਾ ਹੈ। ਪ੍ਰੇਤਾਂ ਬਾਰੇ ਪੁੱਛ ਦਾ ਉਨ੍ਹਾਂ ਨੇ ਇਹ ਉਤਰ ਦਿਤਾ ਸੀ ਕਿ ਜੇ ਤੁਸੀਂ ਮਨੁੱਖਾਂ ਦੀ ਸੇਵਾ ਨਹੀਂ ਕਰਦੇ ਤਾਂ ਪ੍ਰੇਤਾਂ ਦੀ ਸੇਵਾ ਕਿਵੇਂ ਕਰੋਗੇ ? ਦੇਵਤਿਆਂ ਦੀ ਭਾਲ ਕਰਨ ਦੀ ਥਾਂ ਇਕ ਉੱਤਮ ਪੁਰਖ ਆਪਣੇ ਆਪ ਦੀ ਭਾਲ ਕਰਦਾ ਹੈ । "ਮਨੁੱਖਾਂ ਵਲ ਆਪਣੇ ਫ਼ਰਜ਼ਾਂ ਨੂੰ ਸੱਚੇ ਦਿਲੋਂ ਨਿਭਾਉਣ ਵਿਚ ਅਤੇ ਦੇਵ-ਆਤਮਾਵਾਂ ਦਾ ਆਦਰ-ਮਾਣ ਕਰਦੇ ਹੋਏ ਉਨ੍ਹਾਂ ਤੋਂ ਅਲੱਗ ਰਹਿਣ ਵਿਚ ਹੀ ਸਿਆਣਪ ਕਹੀ ਜਾਂਦੀ ਹੈ ।"

ਮ੍ਰਿਤੂ ਪਿੱਛੋਂ ਜੀਵਨ ਬਾਰੇ ਉਨ੍ਹਾਂ ਨੇ ਆਖਿਆ ਸੀ, "ਜਿਤਨਾ ਚਿਰ ਤੁਸੀਂ ਜੀਵਨ ਨੂੰ ਨਹੀਂ ਜਾਣਦੇ ਮ੍ਰਿਤੂ ਨੂੰ ਕਿਸ ਤਰ੍ਹਾਂ ਜਾਣ ਸਕਦੇ ਹੋ?" ਉਨ੍ਹਾਂ ਦੇ ਕਈ ਨੈਤਿਕ ਵਿਚਾਰ ਹਰ

ਮੱਤ ਲਈ ਸਵੀਕਾਰ ਕਰਨਯੋਗ ਹਨ ; 'ਜੋ ਵਰਤਾਰਾ ਤੁਸੀਂ ਆਪਣੇ ਨਾਲ ਕਰਵਾਉਣਾ ਨਹੀਂ ਚਾਹੁੰਦੇ, ਉਹ ਦੂਜਿਆਂ ਨਾਲ ਨਾ ਕਰੋ । ਪ੍ਰੇਮ ਹਰੇਕ ਨੂੰ ਕਰੋ, ਪਰ ਮਿੱਤਰਤਾ ਆਪਣੇ ਬਰਾਬਰ ਦਿਆਂ ਨਾਲ ਬਣਾਓ । ਆਪਣੀ ਬਹੁਤੀ ਸ਼ਕਤੀ ਆਪਣੇ ਮਨ ਦੀ ਉੱਨਤੀ ਵਿਚ ਲਗਾਉ । ਜੇ ਤੁਸੀਂ ਕਿਸੇ ਪੁਰਸ਼ ਨੂੰ ਕੰਮ ਉਤੇ ਲਗਾਉਂਦੇ ਹੋ ਤਾਂ ਉਸ ਉਤੇ ਵਿਸ਼ਵਾਸ ਕਰੋ । ਜੇ ਤੁਸੀਂ ਉਸ ਉਤੇ ਵਿਸ਼ਵਾਸ ਨਹੀਂ ਰੱਖਦੇ ਤਾਂ ਉਸ ਨੂੰ ਕੰਮ ਉਤੇ ਨਾ ਲਗਾਓ ।"

******

ਕਾਂਡ ਅੱਠਵਾਂ

# ਕਨਫ਼ਿਊਸ਼ਸ ਦੇ ਸੰਕਲਪਾਂ ਦਾ ਸਮਾਜ

ਪਰਿਵਾਰ ਸਮਾਜ ਦੀ ਆਧਾਰਸ਼ਿਲਾ ਹੈ । ਇਹ ਰਾਜ ਦੀ ਵੀ ਆਧਾਰਸ਼ਿਲਾ ਹੈ ਕਿਉਂਕਿ ਰਾਜ ਵੀ ਸਮਾਜ ਦਾ ਇਕ ਅੰਗ ਹੈ। ਪਰਿਵਾਰ ਕਿਸੇ ਵੀ ਸਭਿਅਤਾ ਦੇ ਆਰੰਭ ਤੇ ਵਿਕਾਸ ਦਾ ਸੂਚਕ ਹੁੰਦਾ ਹੈ । ਇਹ ਸਭਿਅਤਾ ਦੇ ਵਿਕਾਸ ਦੇ ਰਾਹਾਂ ਦਾ ਪਹਿਲਾ ਕਦਮ ਹੁੰਦਾ ਹੈ । ਇਹ ਸਭਿਅਤਾ ਅਗਲੇ ਪੜਾਵਾਂ ਵਿਚੋਂ ਬਾਅਦ ਵਿਚ ਲੰਘਦੀ ਹੈ । ਪਰਿਵਾਰ ਦਾ ਆਧਾਰ ਪਤੀ ਅਤੇ ਪਤਨੀ ਦੇ ਪਰਸਪਰ ਸਬੰਧ ਹਨ । ਇਨ੍ਹਾਂ ਸਬੰਧਾਂ ਸਦਕਾ ਮਨੁੱਖੀ ਨਸਲ ਨੂੰ ਸਥਿਰਤਾ ਅਤੇ ਨਿਰੰਤਰਤਾ ਪ੍ਰਦਾਨ ਹੋਈ ਅਤੇ ਫਿਰ ਸਭਿਅਤਾ ਦਾ ਵਿਕਾਸ ਹੋਇਆ।

ਪਰਿਵਾਰ ਨੂੰ ਠੀਕ ਤਰ੍ਹਾਂ ਚਲਾਉਣ ਲਈ ਇਸ ਦੇ ਮੈਂਬਰਾਂ ਨੂੰ ਆਪਣੇ ਆਪਣੇ ਕਰਤੱਵਾਂ ਦੀ ਪਾਲਣਾ ਕਰਨੀ ਪੈਂਦੀ ਹੈ ਅਤੇ ਫਿਰ ਇਕਸੁਰ ਹੋ ਕੇ ਵਿਚਰਨਾ ਪੈਂਦਾ ਹੈ । ਆਪ ਫ਼ਹਿਮ ਦੇ ਸ਼ਬਦਾਂ ਵਿਚ ਪਤੀ, ਪਤਨੀ, ਪੁੱਤਰ, ਪੁੱਤਰੀ, ਭੈਣ ਅਤੇ ਭਰਾ ਵੱਖ-ਵੱਖ ਕਾਰਜ ਕਰਦੇ ਹਨ । ਵਾਸਤਵ ਵਿਚ ਇਹ ਰਿਸ਼ਤੇ ਵੱਖ-ਵੱਖ ਕਰਤੱਵਾਂ ਦੇ ਲਖਾਇਕ ਹਨ । ਪਿਤਾ ਦਾ ਕਰਤੱਵ ਸਮੂਹ ਪਰਿਵਾਰ ਦੇ ਮੈਂਬਰਾਂ ਦੀ ਦੇਖਭਾਲ ਕਰਨਾ, ਉਨ੍ਹਾਂ ਵਿਚ ਇਕਸੁਰਤਾ ਲਿਆਉਣਾ ਅਤੇ ਉਨ੍ਹਾਂ ਨੂੰ ਅਗਵਾਈ ਪ੍ਰਦਾਨ ਕਰਨਾ ਹੈ । ਮਾਤਾ ਬੱਚਿਆਂ ਨੂੰ ਜਨਮ ਦਿੰਦੀ ਅਤੇ ਪਾਲਦੀ ਹੈ । ਬੱਚਿਆਂ ਦਾ ਕੰਮ ਮਾਤਾ-ਪਿਤਾ ਦੀ ਆਗਿਆ ਵਿਚ ਰਹਿ ਕੇ ਆਪਣੇ ਜੀਵਨ ਨੂੰ ਵਿਕਸਿਤ ਕਰਨਾ ਹੈ ਅਤੇ ਫਿਰ ਵੱਡੇ ਹੋ ਕੇ ਮਾਤਾ ਪਿਤਾ ਦਾ ਆਦਰ ਮਾਣ ਕਰਨ ਤੋਂ ਇਲਾਵਾ, ਉਨ੍ਹਾਂ ਦੀ ਦੇਖਭਾਲ ਵੀ ਕਰਨਾ ਹੈ । ਪਰਿਵਾਰ ਇਕ ਅਜਿਹੀ ਸਮਾਜਿਕ ਸੰਸਥਾ ਹੈ ਜੋ ਵਿਅਕਤੀਆਂ ਨੂੰ ਸ਼ੁਭ ਆਚਾਰ ਗ੍ਰਹਿਣ ਕਰਨ, ਸਦਗੁਣੀ ਬਣਨ ਅਤੇ ਸਿਆਣਪ ਪ੍ਰਾਪਤ ਕਰਨ ਵਿਚ ਬਹੁਤ ਸਹਾਈ ਹੁੰਦੀ ਹੈ । ਪਰਿਵਾਰ ਵਿਚ ਪਰਸਪਰ ਸਦਭਾਵਨਾ, ਸਵੈ-ਸੰਜਮ, ਪਿਆਰ, ਵੱਡਿਆਂ ਪ੍ਰਤੀ ਸਤਿਕਾਰ ਅਤੇ ਭਰਾਤਰੀ ਭਾਵ ਆਦਿ ਗੁਣਾਂ ਤੇ ਬਹੁਤ ਜ਼ੋਰ ਦਿਤਾ ਜਾਂਦਾ ਹੈ । ਇਸ ਤੋਂ ਇਲਾਵਾ ਪਰਿਵਾਰ ਜਨ-ਜੀਵਨ ਵਿਚ ਸੁਧਾਰ ਲਿਆਉਣ ਦਾ ਬਹੁਤ ਵੱਡਾ ਸਾਧਨ ਹੈ । ਜੇ ਮਾਤਾ-ਪਿਤਾ ਬੱਚਿਆਂ ਦਾ ਆਦਰ ਕਰਦੇ ਹਨ ਅਤੇ ਬੱਚੇ ਮਾਤਾ-ਪਿਤਾ ਪ੍ਰਤੀ ਸਤਿਕਾਰ ਕਰਦੇ ਹਨ, ਜੇ ਵੱਡਾ ਭਰਾ ਛੋਟੇ ਭਰਾ ਪ੍ਰਤੀ ਪਿਆਰ ਭਾਵਨਾ ਰੱਖਦਾ ਹੈ ਅਤੇ ਛੋਟਾ ਭਰਾ ਵੱਡੇ ਭਰਾ ਪ੍ਰਤੀ ਆਦਰ ਭਾਵ, ਜੇ ਪਤੀ ਪਤਨੀ ਪ੍ਰਤੀ ਸੁਹਿਰਦ ਹੈ ਅਤੇ ਪਤਨੀ ਪਤੀ ਪ੍ਰਤੀ ਸ਼ਰਧਾਪੂਰਨ ਅਤੇ ਪਰਿਵਾਰ ਦੇ ਵੱਖ-ਵੱਖ ਮੈਂਬਰ ਆਪਣੀ ਆਪਣੀ ਥਾਂ ਤੇ ਇਕ ਦੂਜੇ ਪ੍ਰਤੀ ਸਤਿਕਾਰ ਤੇ ਪਿਆਰ ਰੱਖਦੇ ਹਨ ਤਾਂ ਸਮਝੋ

ਪਰਿਵਾਰ ਆਦਰਸ਼ਕ ਹੈ । ਇਸ ਤਰ੍ਹਾਂ ਦੇ ਆਦਰਸ਼ ਪਰਿਵਾਰਾਂ ਦੀ ਹੋਂਦ ਨਾਲ ਸਮੁੱਚੇ ਤੌਰ ਤੇ ਸਮਾਜ ਸੁਧਰ ਸਕਦਾ ਹੈ ।

ਕਨਫ਼ਿਊਸ਼ਸ ਇੱਕ ਹੋਰ ਗੱਲ ਕਰਕੇ ਪਰਿਵਾਰ ਦੀ ਬੜੀ ਮਹੱਤਤਾ ਮੰਨਦੇ ਹਨ। ਇਹ ਸੰਸਥਾ ਰਾਜਨੀਤਿਕ ਸੰਗਠਨ ਦੇ ਸਬੰਧ ਵਿਚ ਬਹੁਤ ਕੁਝ ਸਿਖਾਉਂਦੀ ਹੈ। ਕਨਫ਼ਿਊਸ਼ਸ ਕਹਿੰਦੇ ਹਨ ਕਿ ਪਰਿਵਾਰ ਦੇ ਪ੍ਰਬੰਧ ਅਤੇ ਰਾਜ ਦੇ ਪ੍ਰਬੰਧ ਵਿਚ ਬਹੁਤ ਘੱਟ ਫਰਕ ਹੈ। ਪਰਿਵਾਰ ਅਤੇ ਰਾਜ ਦੋਹਾਂ ਵਿਚ ਪ੍ਰਸ਼ਾਸਨ ਦੀ ਲੋੜ ਹੁੰਦੀ ਹੈ ਅਤੇ ਇਹ ਪ੍ਰਸ਼ਾਸਨ ਚੰਗੇ-ਗੁਣਾਂ ਦੇ ਆਧਾਰ ਤੇ ਹੋਣਾ ਚਾਹੀਦਾ ਹੈ । ਦੋਹਾਂ ਵਿਚ ਸੱਤਾਧਾਰਿਕ ਅੰਸ਼ ਹੁੰਦਾ ਹੈ, ਅਰਥਾਤ ਦੋਹਾਂ ਵਿਚ ਕੁਝ ਮੈਂਬਰ ਸੱਤਾ ਦੇ ਧਾਰਨੀ ਹੁੰਦੇ ਹਨ ਤੇ ਕੁਝ ਉਨ੍ਹਾਂ ਦੇ ਹੁਕਮਾਂ ਦੀ ਪਾਲਣਾ ਕਰਨ ਵਾਲੇ । ਦੋਹਾਂ ਵਿਚ ਕਾਰਜ ਕੁਸ਼ਲਤਾ ਅਤੇ ਅਨੁਸਾਸ਼ਨ ਦੀ ਲੋੜ ਹੁੰਦੀ ਹੈ । ਦੋਹਾਂ ਵਿਚ ਨਿਸ਼ਚਿਤ ਰੂਪ ਪਰਸਪਰ ਵਿਵਹਾਰ ਸਬੰਧੀ ਅਸੂਲ ਬਣਾਉਣ ਦੀ ਲੋੜ ਹੁੰਦੀ ਹੈ । ਦੋਹਾਂ ਵਿਚ ਆਮ ਲੋਕਾਂ ਦੀ ਭਲਾਈ ਕਰਨ ਦੀ ਸਮਰੱਥਾ ਹੋਣੀ ਚਾਹੀਦੀ ਹੈ ।

ਇਸ ਤੋਂ ਇਲਾਵਾ ਪਰਿਵਾਰ ਆਰਥਿਕ ਪੱਖੋਂ ਵੀ ਬਹੁਤ ਮਹੱਤਵਪੂਰਨ ਸੰਗਠਨ ਹੈ। ਆਰਥਿਕ ਪੱਧਰ ਤੇ ਇਹ ਮਿਲਵਰਤਨ ਦੀ ਜਾਂਚ ਸਿਖਾਉਂਦਾ ਹੈ । ਪਰਿਵਾਰ ਵਿਚ ਵੰਡ ਛੱਕਣ ਦਾ ਵੀ ਸਬਕ ਦਿਤਾ ਜਾਂਦਾ ਹੈ । ਪਰਿਵਾਰ ਮਨੁੱਖੀ ਨਸਲ ਨੂੰ ਕਾਇਮ ਰੱਖਣ ਦਾ ਵੀ ਇਕ ਸਾਧਨ ਹੈ ਕਿਉਂਕਿ ਇਸ ਦੁਆਰਾ ਹੀ ਆਬਾਦੀ ਵਧਦੀ ਹੈ ।

ਇਸ ਤੋਂ ਇਲਾਵਾ ਪਰਿਵਾਰ ਜਾਇਦਾਦ ਧਾਰਨ ਕਰਨ ਵਾਲਾ ਯੂਨਿਟ ਹੈ ਅਤੇ ਸਮਾਜ ਦੀ ਸਮੂਹਿਕ ਸੰਪਤੀ ਦੀ ਵੰਡ ਦੇ ਸਿਲਸਿਲੇ ਵਿਚ ਸਭ ਤੋਂ ਛੋਟਾ ਸੰਗਠਨ ਹੈ ।

ਪਰਿਵਾਰ ਵਿਚ ਤਿੰਨ ਪ੍ਰਕਾਰ ਦੇ ਸਬੰਧ ਹੁੰਦੇ ਹਨ । ਪਿਉ ਅਤੇ ਪੁੱਤਰ ਵਿਚਕਾਰ, ਭਰਾਵਾਂ ਵਿਚਕਾਰ, ਪਤੀ ਅਤੇ ਪਤਨੀ ਵਿਚਕਾਰ । ਜਿੱਥੋਂ ਤੱਕ ਪਿਉ ਅਤੇ ਪੁੱਤਰ ਵਿਚਕਾਰ ਸਬੰਧ ਦਾ ਸਵਾਲ ਹੈ, ਕਨਫ਼ਿਊਸ਼ਸ ਅਨੁਸਾਰ ਸਮੁੱਚਾ ਕੰਟਰੋਲ ਪਿਤਾ ਪਾਸ ਹੋਣਾ ਚਾਹੀਦਾ ਹੈ ਅਤੇ ਪੁੱਤਰ ਪੁੱਤਰੀਆਂ ਨੂੰ ਆਦਰ ਸਹਿਤ ਪਿਉ ਦਾ ਮਾਣ ਕਰਨਾ ਚਾਹੀਦਾ ਹੈ । ਜਿੱਥੋਂ ਤੱਕ ਭਰਾਵਾਂ ਦੇ ਆਪਸੀ ਸਬੰਧਾਂ ਦੀ ਗੱਲ ਹੈ, ਵੱਡੇ ਭਰਾ ਦੇ ਕੰਟਰੋਲ ਨੂੰ ਸਵੀਕਾਰ ਕਰਨਾ ਚਾਹੀਦਾ ਹੈ । ਪਤਨੀ ਅਤੇ ਪਤੀ ਦੇ ਸਬੰਧਾਂ ਵਿਚ ਪਤੀ ਨੂੰ ਬਾਹਰੀ ਮਾਮਲਿਆਂ ਵਿਚ ਕੰਟਰੋਲ ਕਰਨ ਦੀ ਸ਼ਕਤੀ ਪ੍ਰਦਾਨ ਕੀਤੀ ਗਈ ਹੈ ਅਤੇ ਪਤਨੀ ਨੂੰ ਘਰੇਲੂ ਮਾਮਲਿਆਂ ਵਿਚ ਉਚੇਰੀ ਤਾਕਤ ਮੰਨਿਆ ਗਿਆ ਹੈ। ਕਨਫ਼ਿਊਸ਼ਸ ਅਨੁਸਾਰ ਜੇ ਪਤਨੀ ਕਿਸੇ ਘਰ ਵਿਚ ਪਤੀ ਤੇ ਭਾਰੂ ਹੈ ਤਾਂ ਉਸ ਘਰ ਦਾ ਕੇਵਲ ਰੱਬ ਹੀ ਰਾਖਾ ਹੈ ।

ਪਰਿਵਾਰ ਦੀ ਸਦੀਵਤਾ, ਨਿਰੰਤਰਤਾ, ਪ੍ਰੇਮ-ਭਾਵਨਾ ਅਤੇ ਇਸ ਨੂੰ ਪ੍ਰੇਮ ਭਾਵ ਨਾਲ ਸਦਾ ਤਰੰਗਿਤ ਰੱਖਣ ਲਈ, ਕਨਫ਼ਿਊਸ਼ਸ ਨੇ ਪਿੱਤਰੀ-ਪੂਜਾ ਤੇ ਬਹੁਤ ਜ਼ੋਰ ਦਿੱਤਾ ਹੈ। ਯਕੀਨਨ ਉਨ੍ਹਾਂ ਦੇ ਇਸ ਕਰਮ ਪਿੱਛੇ ਕੋਈ ਧਾਰਮਿਕ ਵਿਸ਼ਵਾਸ ਕੰਮ ਨਹੀਂ ਕਰ ਰਿਹਾ ਸੀ। ਉਨ੍ਹਾਂ ਦੇ ਸਾਹਮਣੇ ਇੱਕੋ ਹੀ ਗੱਲ ਸੀ ਅਤੇ ਉਹ ਮਾਪਿਆਂ ਪ੍ਰਤੀ ਜਿੰਨੀ ਪ੍ਰੇਮ-ਭਾਵਨਾ ਵਧਾਈ

ਜਾਵੇ, ਉਨਾਂ ਹੀ ਚੰਗਾ ਹੈ ਕਿਉਂਕਿ ਇਸ ਨਾਲ ਛੋਟੇ ਵੱਡਿਆਂ ਦਾ ਸਤਿਕਾਰ ਕਰਨਾ ਸਿਖਣਗੇ ਅਤੇ ਰਾਜ ਵਿਚ ਜਨਤਾ ਨੂੰ ਆਪਣੇ ਸ਼ਾਸਕ ਦੇ ਹੁਕਮ ਦੀ ਪਾਲਣਾ ਕਰਨ ਦੀ ਆਦਤ ਪਵੇਗੀ ਜਿਸ ਦੇ ਸਿੱਟੇ ਵਜੋਂ ਸਮਾਜ ਵਿਚ ਸਥਿਰਤਾ ਆਵੇਗੀ।

ਕਨਫ਼ਿਊਸ਼ਸ ਦੁਆਰਾ ਪ੍ਰਚੱਲਿਤ ਪਿੱਤਰੀ ਪੂਜਾ ਭਾਰਤੀ ਪਿੱਤਰੀ-ਪੂਜਾ ਦੇ ਮਾਡਲ ਨਾਲੋਂ ਵੱਖਰਾ ਸੀ । ਭਾਰਤੀਆਂ ਦਾ ਵਿਸ਼ਵਾਸ ਸੀ ਕਿ ਮਰੇ ਹੋਏ ਪਿੱਤਰਾਂ ਦੀਆਂ ਰੂਹਾਂ ਉਨ੍ਹਾਂ ਦੀ ਦੁੱਖ ਸੁਖ ਵਿਚ ਸਹਾਇਤਾ ਕਰਦੀਆਂ ਹਨ ਪਰ ਚੀਨੀ ਪਿੱਤਰੀ ਪੂਜਾ ਵਿਚ ਇਸ ਵਿਸ਼ਵਾਸ ਦੀ ਕੋਈ ਥਾਂ ਨਹੀਂ ਸੀ । ਇਹ ਇਸ ਗੱਲ ਦਾ ਪ੍ਰਗਟਾਵਾ ਸੀ ਕਿ ਬੱਚਿਆਂ ਵਿਚ ਆਪਣੇ ਵਡੇਰਿਆਂ ਦਾ ਆਦਰ ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ ਵੀ ਕਾਇਮ ਰਹਿੰਦਾ ਹੈ। ਵਾਸਤਵ ਵਿਚ ਕਨਫ਼ਿਊਸ਼ਸ ਕੇਵਲ ਉਨ੍ਹਾਂ ਰੀਤੀਆਂ ਨੂੰ ਜਾਰੀ ਰੱਖਣ ਜਾਂ ਵਿਕਸਿਤ ਕਰਨ ਦੇ ਹੱਕ ਵਿਚ ਸਨ ਜਿਨ੍ਹਾਂ ਦਾ ਸਮਾਜ ਵਿਚ ਕੋਈ ਸਿਰਜਨਾਤਮਕ ਰੋਲ ਹੋਵੇ । ਭਾਵੇਂ ਪਰਿਵਾਰ ਹੋਵੇ ਤੇ ਭਾਵੇਂ ਸਮਾਜ, ਸੱਚੇ ਵਿਸ਼ਵਾਸ ਤੋਂ ਬਿਨਾਂ ਦੋਵੇਂ ਸੰਸਥਾਵਾਂ ਸਥਿਰ ਨਹੀਂ ਰਹਿ ਸਕਦੀਆਂ। ਕਨਫ਼ਿਊਸ਼ਸ ਦਾ ਕਥਨ ਹੈ;

"ਮੈਨੂੰ ਅਜਿਹੇ ਕਿਸੇ ਵਿਅਕਤੀ ਦਾ ਪਤਾ ਨਹੀਂ ਸੀ ਜੋ ਵਿਸ਼ਵਾਸ ਤੋਂ ਸੱਖਣਾ ਹੋਣ ਦੇ ਬਾਵਜੂਦ ਵੀ ਉੱਨਤੀ ਕਰਦਾ ਹੈ । ਕੋਈ ਵੀ ਅਜਿਹਾ ਗੱਡਾ ਨਹੀਂ ਵੇਖਿਆ ਗਿਆ ਜਿਸ ਨੂੰ ਖਿੱਚਣ ਵਾਲੇ ਬੈਲ ਤੇ ਪੰਜਾਲੀ ਨਾ ਪਾਈ ਗਈ ਹੋਵੇ । ਜਿਸ ਤਰ੍ਹਾਂ ਕੋਈ ਬੈਲ ਗੱਡੀ ਪੰਜਾਲੀ ਤੋਂ ਬਿਨਾਂ ਠੀਕ ਢੰਗ ਨਾਲ ਚਲ ਨਹੀਂ ਸਕਦੀ ਉਸੇ ਤਰ੍ਹਾਂ ਸਮਾਜ ਵੀ ਵਿਸ਼ਵਾਸ ਰੂਪੀ ਧੁਰੇ ਤੋਂ ਬਗ਼ੈਰ ਨਹੀਂ ਚਲ ਸਕਦਾ ।"

******

ਕਾਂਡ ਨੌਵਾਂ

# ਸਰਕਾਰ ਸਬੰਧੀ ਕਨਫ਼ਿਊਸ਼ਸ ਦੀ ਵਿਚਾਰਧਾਰਾ

ਇਕ ਵਾਰ ਅਈ ਦੇ ਡਿਊਕ ਨੇ ਕਨਫ਼ਿਊਸ਼ਸ ਨੂੰ ਪੁਛਿਆ, “ਸਭ ਤੋਂ ਵੱਧ ਮਹੱਤਵਪੂਰਨ ਸਬੰਧ ਕਿਹੜਾ ਹੈ ?” ਉਸ ਨੇ ਉਤਰ ਦਿੱਤਾ, "ਰਾਜਨੀਤਿਕ" ਅਰਥਾਤ ਸਰਕਾਰ ਸਭ ਤੋਂ ਵੱਧ ਮਹੱਤਵਪੂਰਨ ਸੰਸਥਾ ਹੈ । ਅਈ ਦੇ ਡਿਊਕ ਨੇ ਫਿਰ ਪੁਛਿਆ, "ਸਰਕਾਰ ਦਾ ਕੀ ਭਾਵ ਹੈ ?” ਉਤਰ ਵਿਚ ਕਨਫ਼ਿਊਸ਼ਸ ਨੇ ਕਿਹਾ, “ਸਰਕਾਰ ਦਾ ਭਾਵ ਚੰਗਿਆਈ ਨੂੰ ਉਭਾਰਨਾ ਤੇ ਕਾਇਮ ਕਰਨਾ ਹੈ ।" ਕਨਫ਼ਿਊਸ਼ਸ ਦੇ ਵਿਚਾਰ ਅਨੁਸਾਰ ਸਰਕਾਰ ਦਾ ਮਨੋਰਥ ਜਨ-ਸਮੂਹ ਨੂੰ ਵੱਖ-ਵੱਖ ਢੰਗਾਂ ਨਾਲ ਸੁੱਖ ਪਹੁੰਚਾਉਣਾ ਹੈ । ਉਸ ਨੂੰ ਚਾਹੀਦਾ ਹੈ ਕਿ ਉਹ ਅਜਿਹਾ ਵਾਤਾਵਰਨ ਪੈਦਾ ਕਰੇ ਜਿਸ ਵਿਚ ਲੋਕਾਂ ਦੀ ਆਯੂ ਲੰਮੀ ਹੋਏ, ਉਨ੍ਹਾਂ ਦੀ ਸੰਪਤੀ ਵਧੇ, ਸਮਾਜ ਵਿਚ ਲੋਕਾਂ ਦੇ ਪਰਸਪਰ ਸਬੰਧ ਚੰਗੇ ਹੋਣ, ਚੰਗੇ ਵਿਹਾਰ ਦਾ ਰਸ ਮਾਣਿਆ ਜਾ ਸਕੇ ਅਤੇ ਉਸ ਮਹਾਨ ਸ਼ਕਤੀ ਦੇ ਭਾਣੇ ਵਿਚ ਰਹਿਣ ਦੀ ਸਮਰੱਥਾ ਪ੍ਰਾਪਤ ਹੋ ਸਕੇ । ਇਸ ਤੋਂ ਇਲਾਵਾ ਸਰਕਾਰ ਦਾ ਕਰਤੱਵ ਹੈ ਕਿ ਉਹ ਲੋਕਾਂ ਨੂੰ ਗ਼ਰੀਬੀ, ਬੀਮਾਰੀ, ਵਹਿਬਤਾਂ, ਸਰੀਰਕ ਅਤੇ ਮਾਨਸਿਕ ਕਮਜ਼ੋਰੀ ਤੋਂ ਬਚਾਏ ਤਾਂ ਜੋ ਮਨੁੱਖ ਦੀ ਦੇਹ ਦੇਰ ਨਾਲ ਬਿਨਸੇ ।

ਕਨਫ਼ਿਊਸ਼ਸ ਦੀ ਆਦਰਸ਼ ਸਰਕਾਰ ਦੇ ਤਿੰਨ ਮੁੱਖ ਆਧਾਰ ਹਨ : ਖਾਧ ਪਦਾਰਥਾਂ ਦਾ ਸਹਿਜੇ ਪ੍ਰਾਪਤ ਹੋਣਾ, ਫ਼ੌਜੀ ਸਾਮਾਨ ਦਾ ਲੋੜੀਂਦੀ ਮਾਤਰਾ ਵਿਚ ਮਿਲਣਾ ਅਤੇ ਲੋਕਾਂ ਦਾ ਉਸ ਪ੍ਰਤੀ ਵਿਸ਼ਵਾਸ ।

ਸੂ ਕੁੰਗ (Tsukung) ਨੇ ਇਸ ਸਿਲਸਿਲੇ ਵਿਚ ਗੱਲਬਾਤ ਕਰਦੇ ਹੋਏ ਕਨਫ਼ਿਊਸ਼ਸ ਨੂੰ ਪੁਛਿਆ, “ਜੇ ਇਨ੍ਹਾਂ ਤਿੰਨਾਂ ਵਿੱਚੋਂ ਕਿਸੇ ਇਕ ਨੂੰ ਤਿਆਗਣਾ ਪਵੇ ਤਾਂ ਸਭ ਤੋਂ ਪਹਿਲਾਂ ਕਿਸ ਨੂੰ ਤਿਆਗਿਆ ਜਾਵੇ ।” ਕਨਫ਼ਿਊਸ਼ਸ ਨੇ ਜਵਾਬ ਦਿਤਾ, 'ਫ਼ੌਜੀ ਸਮਾਨ ਨੂੰ ਤਿਆਗ ਦਿੱਤਾ ਜਾਵੇ” । ਸੂ ਕੁੰਗ ਨੇ ਫਿਰ ਪੁੱਛਿਆ, “ਜੇ ਬਾਕੀ ਦੇ ਦੋਹਾਂ ਵਿੱਚੋਂ ਕਿਸੇ ਇਕ ਨੂੰ ਤਿਆਗਣਾ ਪਵੇ ਤਾਂ ?” ਕਨਫ਼ਿਊਸ਼ਸ ਨੇ ਉਤਰ ਦਿਤਾ, “ਖਾਧ ਪਦਾਰਥਾਂ ਵਲ ਧਿਆਨ ਨਾ ਦਿੱਤਾ ਜਾਵੇ” ਆਦਿ ਕਾਲ ਤੋਂ ਸਮੇਂ ਸਮੇਂ ਮੌਤ ਤਾਂ ਹਰੇਕ ਆਦਮੀ ਨੂੰ ਆਉਂਦੀ ਹੈ, ਅਤੇ ਭੁੱਖ ਨਾਲ ਵਧ ਤੋਂ ਵਧ ਮਨੁੱਖ ਮਰ ਸਕਦਾ ਹੈ, ਪਰੰਤੂ ਜੇ ਲੋਕਾਂ ਨੂੰ ਆਪਣੇ ਸ਼ਾਸਕਾਂ ਤੇ ਭਰੋਸਾ ਨਾ ਰਹੇ ਤਾਂ ਕੋਈ ਰਾਜ ਹੋਂਦ ਵਿਚ ਨਹੀਂ ਆ ਸਕਦਾ ਅਤੇ ਮਨੁੱਖ ਕਦੀ ਵੀ ਖ਼ੁਸ਼ ਨਹੀਂ ਰਹਿ ਸਕਦਾ ।

ਆਪਣੇ ਚੇਲੇ ਨਾਲ ਵਾਰਤਾਲਾਪ ਦੇ ਦੌਰਾਨ ਕਨਫ਼ਿਊਸ਼ਸ ਨੇ ਇਸ ਨੁਕਤੇ ਦੀ ਹੋਰ ਵਿਆਖਿਆ ਕੀਤੀ ਤੇ ਕਿਹਾ ਕਿ ਲੋਕਾਂ ਦਾ ਸਰਕਾਰ ਤੇ ਭਰੋਸਾ ਇਸ ਲਈ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਤੋਂ ਬਿਨਾਂ ਕੋਈ ਵੀ ਰਾਜਨੀਤਿਕ ਸੰਗਠਨ ਪਕੇਰਾ ਨਹੀਂ ਹੋ ਸਕਦਾ । ਜੇ ਸਰਕਾਰ ਲੋਕਾਂ ਦੇ ਭਰੋਸੇ ਨੂੰ ਜਿੱਤ ਲੈਂਦੀ ਹੈ ਤਾਂ ਉਹ ਉਸ ਦੀ ਹਰ ਕਾਰਵਾਈ ਨੂੰ ਜਨ-ਕਲਿਆਣ ਲਈ ਲਾਭਕਾਰੀ ਮੰਨਣ ਲੱਗ ਪੈਂਦੇ ਹਨ ਜਿਸ ਦੇ ਫਲਸਰੂਪ ਸਰਕਾਰ ਆਪਣੀਆਂ ਨੀਤੀਆਂ ਵਿਚ ਆਸਾਨੀ ਨਾਲ ਕਾਮਯਾਬ ਹੋ ਜਾਂਦੀ ਹੈ ਭਾਵੇਂ ਜਨਤਾ ਨੂੰ ਇਸ ਦੌਰਾਨ ਕਈ ਮੁਸ਼ਕਲਾਂ ਦਾ ਵੀ ਸਾਹਮਣਾ ਕਰਨਾ ਪਵੇ । ਇਸ ਦੇ ਉਲਟ ਜੇ ਸਰਕਾਰ ਤੋਂ ਲੋਕਾਂ ਦਾ ਵਿਸ਼ਵਾਸ ਉਠ ਜਾਂਦਾ ਹੈ ਤਾਂ ਸਰਕਾਰ ਦਾ ਹਰ ਕਾਰਜ ਲੋਕਾਂ ਨੂੰ ਦਬਾਉ ਪਰਤੀਤ ਹੁੰਦਾ ਹੈ । ਇਸ ਸਬੰਧ ਵਿਚ ਕਨਫ਼ਿਊਸ਼ਸ ਦਾ ਆਪਣਾ ਕਥਨ ਬਹੁਤ ਮਹੱਤਵਪੂਰਨ ਹੈ । ਉਹ ਕਹਿੰਦੇ ਹਨ :-

"ਮੈਨੂੰ ਸਮਝ ਨਹੀਂ ਆਉਂਦੀ ਵਿਸ਼ਵਾਸ ਤੋਂ ਸੱਖਣਾ ਮਨੁੱਖ ਕਿਵੇਂ ਜਿਉ ਸਕਦਾ ਹੈ । ਜਿਵੇਂ ਕੋਈ ਵੀ ਬੈਲ ਗੱਡੀ ਬੈਲਾਂ ਨੂੰ ਪੰਜਾਲੀ ਪਾਏ ਬਿਨਾਂ ਚਲ ਨਹੀਂ ਸਕਦੀ ਇਸੇ ਤਰ੍ਹਾਂ ਕੋਈ ਵੀ ਵਿਸ਼ਵਾਸ ਤੋਂ ਬਗੈਰ ਸਮਾਜ ਹੋਂਦ ਵਿਚ ਨਹੀਂ ਆ ਸਕਦਾ ਤਾਂ ਰਾਜ ਕਿਵੇਂ ਹੋਂਦ ਵਿਚ ਆ ਸਕਦਾ ਹੈ ।"

ਸਰਕਾਰ ਨੂੰ ਆਪਣੇ ਮਨੋਰਥਾਂ ਦੀ ਪ੍ਰਾਪਤੀ ਲਈ ਹਰ ਤਰ੍ਹਾਂ ਦੇ ਯਤਨ ਕਰਨੇ ਚਾਹੀਦੇ ਹਨ, ਐਨ ਉਸ ਭਾਵ ਨਾਲ ਜਿਸ ਨਾਲ ਕੋਈ ਪਿਉ ਆਪਣੇ ਧੀਆਂ ਪੁੱਤਰਾਂ ਵਾਸਤੇ ਕਰਦਾ ਹੈ । ਕਨਫ਼ਿਊਸ਼ਸ ਨੇ ਸਰਕਾਰ ਦੇ 8 ਪ੍ਰਕਾਰ ਦੇ ਕਰਤੱਵਾਂ ਦਾ ਜ਼ਿਕਰ ਕੀਤਾ ਹੈ । ਇਨ੍ਹਾਂ ਦਾ ਵੇਰਵਾ ਨਿਮਨ ਅਨੁਸਾਰ ਹੈ :-

1. ਉਹ ਕਾਰਜ ਜਿਨ੍ਹਾਂ ਦਾ ਸਬੰਧ ਅੰਨ ਦੇ ਉਤਪਾਦਨ ਨਾਲ ਹੈ ਜਿਵੇਂ ਖੇਤੀ ਸਿੰਜਾਈ ਅਤੇ ਕੁਦਰਤੀ ਸਾਧਨਾਂ ਦੀ ਵਰਤੋਂ ਆਦਿ ।
2. ਉਹ ਕਾਰਜ ਜਿਨ੍ਹਾਂ ਦਾ ਸਬੰਧ ਉਦਯੋਗ, ਵਪਾਰ, ਕਿਰਤੀ ਵਰਗ ਅਤੇ ਆਰਥਿਕ ਮਾਮਲਿਆਂ ਨਾਲ ਹੈ ।
3. ਉਹ ਸਾਰੇ ਕੰਮ ਜਿਨ੍ਹਾਂ ਦਾ ਸਬੰਧ ਪਿਤਰੀ ਪੂਜਾ ਨਾਲ ਹੈ ।
4. ਉਹ ਸਾਰੀਆਂ ਸਰਗਰਮੀਆਂ ਜੋ ਭਵਨਾਂ ਅਤੇ ਕੌਮੀ ਪਾਰਕਾਂ ਨਾਲ ਸਬੰਧਤ ਹਨ ।
5. ਵਿਦਿਅਕ ਅਦਾਰਿਆਂ,ਫੌਜੀ ਸਿੱਖਿਆ,ਵਿਗਿਆਨ ਦੇ ਸਬੰਧ ਵਿਚ ਸਮੂਹ ਕਾਰਜ।
6. ਨਿਆਂ ਨਾਲ ਸਬੰਧ ਰੱਖਣ ਵਾਲੇ ਸਾਰੇ ਕਾਰਜ ਜਿਵੇਂ ਕਾਨੂੰਨ ਅਤੇ ਉਨ੍ਹਾਂ ਨੂੰ ਲਾਗੂ ਕਰਨ ਵਾਲੀਆਂ ਅਦਾਲਤਾਂ ।

7. ਕੌਮਾਂਤਰੀ ਅਤੇ ਅੰਤਰ-ਕੌਮਾਂਤਰੀ ਪੱਧਰ ਤੇ ਡਿਪਲੋਮੈਟਾਂ ਨਾਲ ਗੱਲਬਾਤ ਕਰਨੀ, ਉਨ੍ਹਾਂ ਦਾ ਸਵਾਗਤ ਅਤੇ ਰਿਹਾਇਸ਼ ਦਾ ਪ੍ਰਬੰਧ ਕਰਨਾ, ਅੰਤਰ-ਕੌਮਾਂਤਰੀ ਪੱਧਰ ਤੇ ਕਾਨਫਰੰਸਾਂ ਕਰਨੀਆਂ ਤੇ ਉਨ੍ਹਾਂ ਵਿਚ ਭਾਗ ਲੈਣਾ ਆਦਿ ।
8. ਉਹ ਸਾਰੇ ਕੰਮ ਜੋ ਫ਼ੌਜ, ਫ਼ੌਜੀ ਸਾਮਾਨ, ਫ਼ੌਜੀਆਂ ਦੀ ਸਿਖਲਾਈ ਅਤੇ ਪੁਲਿਸ ਦੁਆਰਾ ਸੁਰੱਖਿਆ ਦੇ ਮਾਮਲਿਆਂ ਨਾਲ ਸਬੰਧ ਰੱਖਦੇ ਸਨ ।

ਉਪਰੋਕਤ ਕਰਤੱਵਾਂ ਨੂੰ ਅਮਲੀ ਰੂਪ ਦੇਣ ਲਈ ਕਨਫ਼ਿਊਸ਼ਸ ਸਰਕਾਰ ਦੇ ਕਈ ਅਧਿਕਾਰਾਂ ਨੂੰ ਸਵੀਕਾਰ ਕਰਦੇ ਹਨ। ਉਹ ਸਮਝਦੇ ਹਨ ਕਿ ਸਰਕਾਰ ਨੂੰ ਵਿੱਤੀ, ਨਿਆਇਕ ਅਤੇ ਸੈਨਿਕ ਮਾਮਮਿਆਂ ਉਤੇ ਲੋੜ ਅਨੁਸਾਰ ਨਿਯੰਤਰਣ ਕਰਨ ਦੀ ਖੁਲ੍ਹੀ ਛੁੱਟੀ ਹੋਣੀ ਚਾਹੀਦੀ ਹੈ । ਉਦਾਹਰਣ ਵਜੋਂ ਵਿਤੀ ਮਾਮਲਿਆਂ ਦੇ ਸਬੰਧ ਵਿਚ ਕਨਫ਼ਿਊਸ਼ਸ ਦੀ ਰਾਇ ਹੈ ਕਿ ਟੈਕਸ ਘਟ ਤੋਂ ਘਟ ਅਤੇ ਠੀਕ ਸਮੇਂ ਤੇ ਲਾਏ ਜਾਣ । ਪ੍ਰਾਚੀਨ ਕਾਲ ਵਿਚ ਚੀਨ ਦੇ ਵੱਖ ਵੱਖ ਰਾਜਾਂ ਵਿਚ ਦੋ ਤਰ੍ਹਾਂ ਦੇ ਟੈਕਸ ਲਗਾਏ ਜਾਂਦੇ ਸਨ । ਮੁਦਰਾ ਦੇ ਰੂਪ ਵਿਚ ਅਤੇ ਨਿਜੀ ਸੇਵਾਵਾਂ ਦੇ ਰੂਪ ਵਿਚ। ਕਨਫ਼ਿਊਸ਼ਸ ਅਨੁਸਾਰ' ਨਿਜੀ ਸੇਵਾਵਾਂ ਉਦੋਂ ਲੈਣੀਆਂ ਚਾਹੀਦੀਆਂ ਹਨ ਜਦੋਂ ਲੋਕਾਂ ਕੋਲ ਵਿਹਲ ਹੋਵੇ ਅਤੇ ਉਹ ਉਨ੍ਹਾਂ ਦੇ ਆਪਣੇ ਕਾਰਜਾਂ ਵਿਚ ਦਖ਼ਲ ਅੰਦਾਜ਼ੀ ਨਾ ਕਰਨ । ਨਕਦ ਦੇ ਰੂਪ ਵਿਚ ਟੈਕਸ ਕੁਲ ਆਮਦਨ ਦੇ ਦਸਵੇਂ ਹਿੱਸੇ ਤੋਂ ਵੱਧ ਨਹੀਂ ਹੋਣਾ ਚਾਹੀਦਾ । ਸਰਕਾਰ ਵਲੋਂ ਆਮਦਨ ਦੇ ਦਸਵੰਧ ਨੂੰ ਉਗਰਾਹੇ ਜਾਣ ਦੀ ਵਿਵਸਥਾ ਨੂੰ ਕਨਫ਼ਿਊਸ਼ਸ ਇੱਥੇ ਸਿਸਟਮ ਦਾ ਨਾਂ ਦਿੰਦੇ ਹਨ ।"

ਇਕ ਹੁਕਮਰਾਨ ਨੂੰ ਇਸ ਸਿਸਟਮ ਨਾਲ ਬੜੀ ਘਿਰਨਾ ਸੀ । ਉਸ ਨੇ ਯੂਜੋ (Yujo) ਜੋ ਕਨਫ਼ਿਊਸ਼ਸ ਦੇ ਜੇਠੇ ਚੇਲਿਆਂ ਵਿੱਚੋਂ ਸੀ ਨੂੰ ਸ਼ਿਕਾਇਤ ਕੀਤੀ ਕਿ ਉਸ ਨੂੰ ਆਮਦਨ ਦਾ 20 ਪ੍ਰਤੀਸ਼ਤ ਟੈਕਸ ਲਗਾ ਕੇ ਵੀ ਲੋੜੀਂਦੀ ਮਾਤਰਾ ਵਿਚ ਧਨ ਪ੍ਰਾਪਤ ਨਹੀਂ ਹੁੰਦਾ । ਉਸ ਨੇ ਯੂਜੋ ਨੂੰ ਪੁਛਿਆ ਕਿ ਇਨ੍ਹਾਂ ਹਾਲਾਤਾਂ ਵਿਚ ਉਹ ਕੀ ਰਾਏ ਦਿੰਦਾ ਹੈ । ਉਸ ਨੇ ਕਨਫ਼ਿਊਸ਼ਸ ਦੇ ਵਿਚਾਰਾਂ ਦੀ ਰੌਸ਼ਨੀ ਵਿਚ ਜਵਾਬ ਦਿੱਤਾ, "ਜੇ ਲੋਕਾਂ ਪਾਸ ਬਹੁਤ ਕੁਝ ਹੋਵੇਗਾ ਤਾਂ ਉਨ੍ਹਾਂ ਦੇ ਸ਼ਾਸਕ ਨੂੰ ਕੋਈ ਵੀ ਥੁੜ੍ਹ ਦਾ ਸਾਹਮਣਾ ਨਹੀਂ ਕਰਨਾ ਪਵੇਗਾ । ਜੇ ਲੋਕ ਤੰਗੀ ਵਿਚ ਹੋਣਗੇ ਤਾਂ ਉਨ੍ਹਾਂ ਦਾ ਸ਼ਾਸਕ ਜ਼ਰੂਰ ਤੰਗ ਹੋਵੇਗਾ ।" ਵਾਸਤਵ ਵਿਚ ਉਨ੍ਹਾਂ ਨੇ ਸ਼ਪਸ਼ਟ ਕੀਤਾ ਕਿ ਸਰਕਾਰ ਨੂੰ ਲੋਕਾਂ ਉਤੇ ਉਨ੍ਹਾਂ ਦੀ ਸਮਰੱਥਾ ਤੋਂ ਵੱਧ ਟੈਕਸ ਨਹੀਂ ਲਗਾਉਣੇ ਚਾਹੀਦੇ । ਸਰਕਾਰਾਂ ਲੋਕਾਂ ਦੀ ਖ਼ੁਸ਼ਹਾਲੀ ਨਾਲ ਖ਼ੁਸ਼ਹਾਲ ਹੁੰਦੀਆਂ ਹਨ ਤੇ ਉਨ੍ਹਾਂ ਦੀ ਮੰਦਹਾਲੀ ਨਾਲ ਮੰਦਹਾਲ ।

ਅੰਦਰੂਨੀ ਅਤੇ ਬਾਹਰੀ ਖਤਰਿਆਂ ਦਾ ਟਾਕਰਾ ਕਰਨ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸੈਨਾ ਅਤੇ ਪੁਲਿਸ ਰੱਖੇ। ਰਾਜ ਦੇ ਸਾਰੇ ਵਿਅਕਤੀਆਂ ਨੂੰ ਸਿਵਾਏ ਬਿਰਧਾਂ ਦੇ ਫ਼ੌਜੀ ਸਿੱਖਿਆ ਲੈਣੀ ਚਾਹੀਦੀ ਹੈ । ਪੁਲਿਸ ਨੂੰ ਚੋਰਾਂ, ਡਾਕੂਆਂ, ਸ਼ਾਂਤੀ ਭੰਗ ਕਰਨ ਵਾਲਿਆਂ

ਅਤੇ ਖਰੂਦੀ ਲੋਕਾਂ ਤੇ ਕਰੜੀ ਨਜ਼ਰ ਰੱਖਣੀ ਚਾਹੀਦੀ ਹੈ । ਇਸ ਸਿਲਸਿਲੇ ਵਿਚ ਕਨਫ਼ਿਊਸ਼ਸ ਗੁਪਤਚਰਾਂ ਦੀ ਭਰਤੀ ਦੀ ਵੀ ਸਿਫ਼ਾਰਿਸ਼ ਕਰਦੇ ਹਨ ।

ਕਨਫ਼ਿਊਸ਼ਸ ਅਨੁਸਾਰ ਅਪਰਾਧੀਆਂ ਨੂੰ ਸਜ਼ਾ ਦੇਣਾ ਅਤੇ ਦੇਸ਼ ਦੇ ਲੋਕਾਂ ਵਿਚ ਆਪਸੀ ਚੰਗੇ ਸਬੰਧ ਕਾਇਮ ਰੱਖਣ ਵਾਸਤੇ ਸਰਕਾਰ ਨੂੰ ਕਾਨੂੰਨ ਬਣਾਉਣ ਦਾ ਵੀ ਅਧਿਕਾਰ ਹੋਣਾ ਚਾਹੀਦਾ ਹੈ। ਕਨਫ਼ਿਊਸ਼ਸ ਕੌਮੀ ਸੰਪਤੀ ਨੂੰ ਕੰਟਰੋਲ ਵਿਚ ਰੱਖਣ ਦਾ ਭਾਰੀ ਇੱਛੁਕ ਸੀ। ਉਸ ਦੀ ਧਾਰਨਾ ਸੀ ਕਿ ਕੋਈ ਸਰਕਾਰ ਉਨ੍ਹਾਂ ਚਿਰ ਸਹੀ ਅਰਥਾਂ ਵਿਚ ਜਨ-ਕਲਿਆਣ ਦੇ ਕਾਰਜ ਨਹੀਂ ਕਰ ਸਕਦੀ ਜਿੰਨਾ ਚਿਰ ਤਕ ਉਹ ਲੋਕਾਂ ਵਿਚ ਸਮਾਨਤਾ ਦੇ ਆਧਾਰ ਦੇ ਸੰਪਤੀ ਨਹੀਂ ਵੰਡਦੀ। ਕਨਫ਼ਿਊਸ਼ਸ ਕਿਹਾ ਕਰਦੇ ਸੀ ਕਿ ਗਰੀਬੀ ਤੋਂ ਡਰਨ ਦੀ ਲੋੜ ਨਹੀਂ। ਸੰਪਤੀ ਦੀ ਕਾਣੀ ਵੰਡ ਤੋਂ ਡਰਨ ਦੀ ਲੋੜ ਹੈ । ਕਿਉਂਕਿ ਇਸ ਦੁਆਰਾ ਗਰੀਬੀ ਪੈਦਾ ਹੁੰਦੀ ਹੈ ਤੇ ਸਮਾਜ ਅਵਿਵਸਥਾ ਦਾ ਸ਼ਿਕਾਰ ਹੋ ਜਾਂਦਾ ਹੈ । ਇਸ ਗੱਲ ਨੂੰ ਮੁੱਖ ਰੱਖਦੇ ਹੋਏ ਕਨਫ਼ਿਊਸ਼ਸ ਨੇ ਉਪਦੇਸ਼ ਦਿਤਾ ਕਿ ਕੌਮੀ ਸੰਪਤੀ ਨੂੰ ਨਿਯੰਤ੍ਰਿਤ ਕਰਨਾ ਰਾਜ ਦਾ ਇਕ ਮੌਲਿਕ ਕਰਤੱਵ ਹੈ । ਨਿਯੰਤਰਣ ਕਿੱਥੋਂ ਤਕ ਹੋਣਾ ਚਾਹੀਦਾ ਹੈ? ਇਸ ਸਬੰਧ ਵਿਚ ਕਨਫ਼ਿਊਸ਼ਸ ਨੇ ਹਦਾਇਤ ਕੀਤੀ ਕਿ ਪਰਖੋ ਕਿ ਲੋਕਾਂ ਲਈ ਕੀ ਲਾਭਕਾਰੀ ਹੈ ਅਤੇ ਫਿਰ ਉਨ੍ਹਾਂ ਨੂੰ ਫਾਇਦਾ ਪਹੁੰਚਾਓ । ਇਸ ਕਥਨ ਤੋਂ ਕਨਫ਼ਿਊਸ਼ਸ ਦਾ ਭਾਵ ਸੀ ਕਿ ਸਰਕਾਰ ਉਹ ਨੀਤੀਆਂ ਅਪਣਾਏ ਜੋ ਸਥਾਨ, ਸਮੇਂ ਅਤੇ ਲੋਕਾਂ ਦੇ ਸੁਭਾਅ ਅਨੁਸਾਰ ਹੋਣ ਅਤੇ ਉਨ੍ਹਾਂ ਨੂੰ ਪ੍ਰਗਤੀ ਦੀ ਰਾਹ ਤੇ ਅੱਗੇ ਤੋਰਨ ਲਈ ਸਹਾਈ ਸਿੱਧ ਹੋਣ ।

ਕਨਫ਼ਿਊਸ਼ਸ ਭੂਮੀ ਦੀ ਵਿਅਕਤੀਗਤ ਮਲਕੀਅਤ ਦੇ ਹੱਕ ਵਿਚ ਨਹੀਂ ਸਨ । ਇਸ ਦੇ ਉਲਟ ਉਨ੍ਹਾਂ ਨੇ ਹਦਾਇਤ ਕੀਤੀ ਕਿ ਭੂਮੀ ਨੂੰ ਕੌਮੀ ਸੰਪਤੀ ਸਮਝ ਕੇ ਇਸ ਦੀ ਮਾਲਕੀ ਰਾਜ ਪਾਸ ਹੋਣੀ ਚਾਹੀਦੀ ਹੈ । ਅੱਗੋਂ ਸਰਕਾਰ ਨੂੰ ਚਾਹੀਦਾ ਹੈ ਕਿ ਪਰਿਵਾਰ ਦੀਆਂ ਜ਼ਰੂਰਤਾਂ ਅਨੁਸਾਰ ਇਸ ਨੂੰ ਉਨ੍ਹਾਂ ਵਿਚ ਵੰਡ ਦੇਵੇ । ਇਸ ਅਸੂਲ ਨੂੰ ਆਧਾਰ ਮੰਨਦੇ ਹੋਏ, ਕਨਫ਼ਿਊਸ਼ਸ ਅਤੇ ਉਨ੍ਹਾਂ ਦੇ ਚੇਲਿਆਂ ਨੇ ਪੁਰਾਤਨ ਚਿੰਗ ਟੀਅਨ ਵਿਚ ਲੋੜੀਂਦੀ ਸੁਧਾਈ ਕਰਕੇ ਪ੍ਰਚਾਲਨ ਕੀਤਾ । ਇਸ ਅਨੁਸਾਰ ਭੂਮੀ ਦੇ ਇਕ ਟੁਕੜੇ ਨੂੰ ਜਿਸ ਨੂੰ ਚਿੰਗ ਕਿਹਾ ਜਾਂਦਾ ਸੀ ਅਤੇ ਜਿਸ ਵਿਚ 900 ਮੂ (Mu) ਹੁੰਦੇ ਸਨ, ਨੂੰ ਨੌਂ ਬਰਾਬਰ ਦੇ ਟੁਕੜਿਆਂ ਵਿਚ ਵੰਡਿਆ ਜਾਂਦਾ । ਇਹ ਟੁਕੜੇ ਵਰਗਾਕਾਰ ਹੁੰਦੇ ਸਨ ਅਤੇ ਵਿਚਕਾਰਲੇ ਟੁਕੜੇ ਨੂੰ ਛੱਡ ਕੇ ਬਾਕੀ ਦੇ ਅੱਠ ਟੁਕੜਿਆਂ ਨੂੰ 8 ਪਰਿਵਾਰਾਂ ਨੂੰ ਸੌਂਪ ਦਿੱਤਾ ਜਾਂਦਾ ਸੀ। ਵਿਚਕਾਰਲੇ ਟੁਕੜੇ ਤੇ ਕਿਸੇ ਪਰਿਵਾਰ ਦਾ ਵੀ ਅਧਿਕਾਰ ਨਹੀਂ ਹੁੰਦਾ ਸੀ ਅਤੇ ਇਸ ਦੀ ਆਮਦਨ ਸਰਕਾਰ ਦੇ ਖ਼ਜ਼ਾਨੇ ਵਿਚ ਜਾਂਦੀ ਸੀ । ਇਸ ਉਪਰ ਖੇਤੀ ਦਾ ਕੰਮ ਉਕਤ 8 ਪਰਿਵਾਰਾਂ ਦੇ ਵਿਅਕਤੀ ਕਰਦੇ ਸਨ । ਇਸ ਥਾਂ ਤੋਂ ਕੋਈ ਵੀ ਸਾਂਝਾ ਪ੍ਰਾਜੈਕਟ ਜਿਵੇਂ ਸਕੂਲ, ਹਸਪਤਾਲ ਆਦਿ ਸਥਾਪਿਤ ਕੀਤਾ ਜਾ ਸਕਦਾ ਸੀ । ਹੈਨ ਵੰਸ ਵੇਲੇ ਇਸ ਸਿਸਟਮ ਨੂੰ ਹੋਰ ਵਿਸਤ੍ਰਿਤ ਕਰ ਦਿੱਤਾ ਗਿਆ ਸੀ।

ਕਨਫ਼ਿਊਸ਼ਸ ਦੀ ਵਿਚਾਰਧਾਰਾ ਵਿਚ ਉਦਯੋਗਾਂ ਦੀ ਸਮਾਜ ਵਿਚ ਮਹੱਤਵਪੂਰਨ ਥਾਂ ਹੁੰਦੀ ਹੈ । ਉਸ ਦੇ ਜੀਵਨ ਕਾਲ ਵਿਚ ਚੀਨੀ ਸਮਾਜ ਵਿਚ ਅਜੇ ਦਸਤਕਾਰੀ ਪ੍ਰਧਾਨ ਨਹੀਂ ਸੀ । ਟੈਕਸਾਂ ਦੀ ਅਦਾਇਗੀ ਬਹੁਤਾ ਕਰਕੇ ਵਸਤੂਆਂ ਵਿਚ ਹੀ ਕੀਤੀ ਜਾਂਦੀ ਸੀ। ਜਿਸ ਦੇ ਸਿੱਟੇ ਵਜੋਂ ਸਰਕਾਰ ਪਾਸ ਹਰ ਪ੍ਰਕਾਰ ਦਾ ਕੱਚਾ ਮਾਲ ਜਮ੍ਹਾਂ ਹੋ ਜਾਂਦਾ ਸੀ । ਸੁਭਾਵਕ ਤੌਰ ਤੇ ਇਸ ਦੀ ਯੋਗ ਵਰਤੋਂ ਲਈ ਸਰਕਾਰ ਨੂੰ ਕਾਰਖਾਨੇ ਲਗਾਉਣੇ ਪਏ । ਇਸ ਮੰਤਵ ਲਈ ਸਰਕਾਰ ਨੇ ਕਾਰੀਗਰਾਂ ਤੇ ਕਾਮਿਆਂ ਨੂੰ ਵੱਡੀ ਮਾਤਰਾ ਵਿਚ ਭਰਤੀ ਕੀਤਾ। ਇਨ੍ਹਾਂ ਕਾਰਖਾਨਿਆਂ ਵਿਚ ਜੋ ਉਤਪਾਦਨ ਕੀਤਾ ਜਾਂਦਾ ਉਸ ਦੀ ਖ਼ਪਤਕਾਰ ਸਰਕਾਰ ਆਪ ਹੁੰਦੀ ਅਤੇ ਉਸ ਨੂੰ ਖੁਲ੍ਹੇ ਬਜ਼ਾਰ ਵਿਚ ਵੇਚਿਆ ਨਾ ਜਾਂਦਾ । ਰਹੱਸ ਇਹ ਹੁੰਦਾ ਸੀ ਕਿ ਸਰਕਾਰ ਨੂੰ ਆਪ ਜਨਤਾ ਦੇ ਮੁਕਾਬਲੇ ਤੇ ਵਿਕਰੇਤਾ ਨਹੀਂ ਬਣਨਾ ਚਾਹੀਦਾ ।

ਕਨਫ਼ਿਊਸ਼ਸ ਨੇ ਸਰਕਾਰ ਦਾ ਇਕ ਹੋਰ ਮਹੱਤਵਪੂਰਨ ਕਰਤੱਵ ਸਰਮਾਇਆ ਪੈਦਾ ਕਰਨਾ ਦਸਿਆ ਹੈ । ਇਸ ਸਬੰਧ ਵਿਚ ਸਰਕਾਰ ਨੂੰ ਅਜਿਹੀਆਂ ਨੀਤੀਆਂ ਅਪਣਾਉਣੀਆਂ ਚਾਹੀਦੀਆਂ ਹਨ ਜੋ ਲੋਕਾਂ ਨੂੰ ਬੱਚਤ ਕਰਨ ਲਈ ਉਤਸ਼ਾਹ ਪ੍ਰਦਾਨ ਕਰਨ। ਉਨ੍ਹਾਂ ਦਾ ਕਥਨ ਸੀ ਕਿ ਹਰ ਉਹ ਨੀਤੀ ਨੁਕਸਾਨਦਾਇਕ ਹੈ ਜੋ ਲੋਕਾਂ ਦੇ ਬੱਚਤ ਪ੍ਰਤੀ ਉਤਸ਼ਾਹ ਨੂੰ ਹਾਨੀ ਪਹੁੰਚਾਉਂਦੀ ਹੈ ।

ਕਨਫ਼ਿਊਸ਼ਸ ਸਰਮਾਏ ਦੇ ਹੱਕ ਵਿਚ ਹੋਣ ਦੇ ਨਾਲ-ਨਾਲ ਕਿਰਤੀਆਂ ਦੇ ਪੱਖ ਨੂੰ ਪੂਰੀ ਤਰ੍ਹਾਂ ਪੂਰਦਾ ਸੀ । ਉਸ ਦਾ ਵਚਨ ਸੀ ਕਿ ਸਰਕਾਰ ਨੂੰ ਕਿਰਤੀਆਂ ਅਤੇ ਕਾਰੀਗਰਾਂ ਦੇ ਹਿੱਤਾਂ ਦਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ । ਇਸ ਪ੍ਰਸੰਗ ਵਿਚ ਉਹ ਸਰਕਾਰ ਦੇ ਆਬਾਦੀ ਉਤੇ ਕੰਟਰੋਲ ਨੂੰ ਠੀਕ ਸਮਝਦਾ ਹੈ ਅਤੇ ਉਹ ਹਦਾਇਤ ਕਰਦਾ ਹੈ ਕਿ ਸਰਕਾਰ ਨੂੰ ਵਸੋਂ ਦੀ ਵੰਡੀਕਰਣ ਅਤੇ ਉਸਦੇ ਸੁਆਸਥ ਅਤੇ ਸਦਾਚਾਰਿਕ ਉੱਚਤਾ ਦਾ ਪੂਰਾ-ਪੂਰਾ ਧਿਆਨ ਰੱਖਣਾ ਚਾਹੀਦਾ ਹੈ ।

ਸਰਵਜਨਕ ਸੇਵਾਵਾਂ ਉਤੇ ਵੀ ਸਰਕਾਰ ਦਾ ਪੂਰਨ ਅਧਿਕਾਰ ਹੋਣਾ ਚਾਹੀਦਾ ਹੈ । ਵਪਾਰ ਉਦਯੋਗ ਉਤੇ ਅਜਾਰੇਦਾਰੀ ਦੇ ਕਨਫ਼ਿਊਸ਼ਸ ਸਖ਼ਤ ਖਿਲਾਫ਼ ਸੀ ।

ਬਿਰਧਾਂ, ਵਿਧਵਾਵਾਂ, ਯਤੀਮਾਂ, ਬੇਰੋਜ਼ਗਾਰਾਂ ਅਤੇ ਹੋਰ ਬਦ-ਕਿਸਮਤ ਲੋਕਾਂ ਦੀ ਸੇਵਾ ਕਰਨਾ ਵੀ ਸਰਕਾਰ ਦਾ ਮੁੱਖ ਕਰਤੱਵ ਹੈ । ਲੀ ਚੀ ਅਨੁਸਾਰ ਛੋਟੀ ਉਮਰ ਵਿਚ ਜਿਸ ਦੇ ਮਾਤਾ ਪਿਤਾ ਅਕਾਲ ਚਲਾਣਾ ਕਰ ਜਾਣ, ਉਸ ਨੂੰ ਯਤੀਮ ਕਿਹਾ ਜਾਂਦਾ ਹੈ, ਬਿਰਧ ਵਿਅਕਤੀ ਜਿਸ ਦੀ ਕੋਈ ਔਲਾਦ ਨਾ ਹੋਵੇ, ਉਸ ਨੂੰ ਔਂਤਰਾ ਕਹਿੰਦੇ ਹਨ, ਜਿਸ ਵਡੇਰੇ ਆਦਮੀ ਦੀ ਪਤਨੀ ਨਾ ਹੋਵੇ ਉਸ ਨੂੰ ਰੰਡਾ ਕਿਹਾ ਜਾਂਦਾ ਹੈ ਅਤੇ ਉਹ ਬਿਰਧ ਇਸਤਰੀ ਜਿਸ ਦਾ ਪਤੀ ਮਰ ਜਾਵੇ ਉਸ ਨੂੰ ਵਿਧਵਾ ਕਿਹਾ ਜਾਂਦਾ ਹੈ । ਇਹ ਚਾਰੇ ਕਿਸਮਾਂ ਦੇ ਲੋਕ ਸਭ ਤੋਂ ਵੱਧ ਬਦ-ਕਿਸਮਤ ਲੋਕ ਹਨ । ਉਨ੍ਹਾਂ ਸਾਰਿਆਂ ਨੂੰ ਸਰਕਾਰ ਵਲੋਂ ਬਾਕਾਇਦਾ ਸਹਾਇਤਾ ਦਿਤੀ ਜਾਣੀ ਚਾਹੀਦੀ ਹੈ । ਉਪਰੰਤ ਲੋਕਾਂ ਵਿਚ ਸਮਾਜਿਕ ਦ੍ਰਿਸ਼ਟੀਕੋਣ ਵਿਕਸਿਤ ਕਰਨ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਮਨੋਰੰਜਨ ਦੇ ਸਾਧਨ ਲੱਭੇ

ਜੋ ਲੋਕਾਂ ਵਿਚ ਉਕਤ ਰੁਚੀ ਵਿਚ ਸਹਾਈ ਹੋਣ । ਇਸ ਸਬੰਧ ਵਿਚ ਕਨਫ਼ਿਊਸ਼ਸ ਸੰਗੀਤ ਦਾ ਵੱਡੇ ਪੈਮਾਨੇ ਤੇ ਪ੍ਰਯੋਗ ਕਰਨ ਦੀ ਸਲਾਹ ਦਿੰਦੇ ਹਨ ।

******

ਕਾਂਡ ਦਸਵਾਂ

# ਸੁਧਾਈ ਦਾ ਨਿਯਮ

ਕਨਫ਼ਿਊਸ਼ਸ ਅਨੁਸਾਰ ਹਰ ਸਮਾਜਿਕ ਘਟਨਾ ਦੇ ਪਿੱਛੇ ਤਿੰਨ ਅਸੂਲ ਕੰਮ ਕਰਦੇ ਹਨ ਜਿਨ੍ਹਾਂ ਦਾ ਕਿਸੇ ਵੀ ਪ੍ਰਸ਼ਾਸਨ ਲਈ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ । ਸਭ ਤੋਂ ਪਹਿਲਾਂ ਨਿੱਕੀ ਜਿਹੀ ਗੱਲ ਬਹੁਤ ਵੱਡੀ ਅਤੇ ਗੁੰਝਲਦਾਰ ਬਣ ਸਕਦੀ ਹੈ । ਨਿੱਕਾ ਜਿਹਾ ਝਗੜਾ ਕ੍ਰਾਂਤੀ ਦਾ ਰੂਪ ਧਾਰਨ ਕਰ ਸਕਦਾ ਹੈ ਅਤੇ ਸਮੇਂ ਦੀ ਸਰਕਾਰ ਨੂੰ ਵੀ ਨੁਕਸਾਨ ਪਹੁੰਚ ਸਕਦਾ ਹੈ । ਇਸ ਲਈ ਨਿੱਕੀਆਂ ਗੱਲਾਂ ਜਾਂ ਘਟਨਾਵਾਂ ਵੱਲ ਧਿਆਨ ਦੇਣਾ ਅਤੇ ਉਨ੍ਹਾਂ ਦੇ ਮੂਲ ਕਾਰਨਾਂ ਨੂੰ ਸਮਝ ਕੇ ਯੋਗ ਕਾਰਵਾਈ ਕਰਨਾ ਕਿਸੇ ਵੀ ਪ੍ਰਬੰਧਕ ਦਾ ਕਰਤੱਵ ਹੋਣਾ ਚਾਹੀਦਾ ਹੈ ।

ਸਮਾਜ ਵਿਚ ਬਹੁਤੀਆਂ ਘਟਨਾਵਾਂ ਅਤੇ ਧਾਰਾਵਾਂ ਦਾ ਹੋਂਦ ਵਿਚ ਆਉਣ ਦਾ ਕਾਰਨ ਰੀਸ ਦੀ ਭਾਵਨਾ ਹੁੰਦੀ ਹੈ। ਘਟਨਾਵਾਂ ਦਾ ਚੰਗਾ ਜਾਂ ਮੰਦਾ ਹੋਣਾ ਉਨ੍ਹਾਂ ਮਾਡਲਾਂ ਤੇ ਨਿਰਭਰ ਕਰਦਾ ਹੈ ਜਿਨ੍ਹਾਂ ਦੀ ਕਿ ਲੋਕ ਅਚੇਤ ਰੂਪ ਵਿਚ ਨਕਲ ਕਰਦੇ ਹਨ । ਇਸ ਲਈ ਜੇ ਮਾਡਲ ਗੰਦੇ ਹਨ ਤਾਂ ਉਨ੍ਹਾਂ ਦੀ ਨਕਲ ਕਰਨ ਵਾਲੇ ਲੋਕ ਵੀ ਗੰਦੇ ਹੋਣਗੇ । ਇਸ ਲਈ ਕਨਫ਼ਿਊਸ਼ਸ ਦੀ ਧਾਰਾ ਸੀ ਕਿ ਪ੍ਰਬੰਧਕ ਅਤੇ ਹੁਕਮਰਾਨ ਹਰ ਪੱਖੋਂ ਉਤਮ ਹੋਣੇ ਚਾਹੀਦੇ ਹਨ। ਰਾਜ ਉਹ ਹੀ ਸੁਚੱਜਾ ਬਣ ਸਕਦਾ ਹੈ ਜਿਸ ਦੇ ਚਾਲਕ ਸੁਚੱਜੇ ਹੋਣਗੇ । ਉਹ ਹਮੇਸ਼ਾ ਸਦਗੁਣੀ ਸਰਕਾਰ ਦੀ ਹੋਂਦ ਤੇ ਜ਼ੋਰ ਦਿੰਦੇ ਸੀ ।

ਇਸ ਤੋਂ ਇਲਾਵਾ ਸਮਾਜ ਵਿਚ ਕਈ ਤਰ੍ਹਾਂ ਦੇ ਲੀਡਰ ਪੈਦਾ ਹੁੰਦੇ ਹਨ ਜਿਨ੍ਹਾਂ ਵਿੱਚੋਂ ਕਈ ਭੈੜੇ ਤੇ ਕਈ ਚੰਗੇ ਹੁੰਦੇ ਹਨ। ਸ਼ਾਸਕਾਂ ਨੂੰ ਚਾਹੀਦਾ ਹੈ ਕਿ ਉਹ ਚੰਗੇ ਤੇ ਮਾੜੇ ਲੀਡਰਾਂ ਦੀ ਪਛਾਣ ਕਰਨ ਅਤੇ ਫਿਰ ਚੰਗੇ ਲੀਡਰਾਂ ਨੂੰ ਪ੍ਰੋਤਸਾਹਨ ਦੇਣ । ਜੇਕਰ ਕੋਈ ਘਟਨਾ ਮਾਮੂਲੀ ਗੱਲ ਤੋਂ ਵਧਦੀ ਹੈ ਅਤੇ ਜੇ ਸ਼ੁਰੂ ਵਿਚ ਹੀ ਯੋਗ ਕਾਰਵਾਈ ਕੀਤੀ ਜਾਏ ਤਾਂ ਬਹੁਤ ਵਾਰੀ ਮੁਸੀਬਤਾਂ ਟਲ ਸਕਦੀਆਂ ਹਨ । ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹ ਕਿਵੇਂ ਪਤਾ ਲੱਗੇ ਕਿ ਕਿਹੜੀ ਨਿੱਕੀ ਗੱਲ ਬਾਅਦ ਵਿਚ ਭਿਆਨਕ ਰੂਪ ਧਾਰਨ ਕਰ ਸਕਦੀ ਹੈ ? ਇਸੇ ਤਰ੍ਹਾਂ ਜੇ ਸੁਸਾਇਟੀ ਦੀਆਂ ਮੁਸੀਬਤਾਂ ਦਾ ਕਾਰਨ ਚੰਗੇ ਮਾਡਲਾਂ ਦੀ ਅਣਹੋਂਦ ਹੈ, ਤਾਂ ਕਿਹੜੇ ਸਾਧਨਾਂ ਰਾਹੀਂ ਇਨ੍ਹਾਂ ਮਾਡਲਾਂ ਨੂੰ ਚੁਣਿਆ ਜਾ ਸਕਦਾ ਹੈ ? ਕਿਵੇਂ ਕੋਈ ਜਾਣ ਸਕਦਾ ਹੈ ਕਿ ਅਗਲਾ ਲੀਡਰ ਮਾੜਾ ਹੈ ਤੇ ਅਗਲਾ ਚੰਗਾ ਹੈ ?

ਇਸ ਸਬੰਧ ਵਿਚ ਕਨਫ਼ਿਊਸ਼ਸ ਸੁਧਾਈ ਦੇ ਅਸੂਲ ਦੀ ਗੱਲ ਕਰਦੇ ਹਨ । ਉਸ ਅਨੁਸਾਰ ਸੁਧਾਈ ਦਾ ਭਾਵ ਚੰਗਿਆਈ ਅਤੇ ਬੁਰਿਆਈ ਵਿਚਕਾਰ ਅੰਤਰ ਸਮਝ ਕੇ ਅਜਿਹੇ ਅਸੂਲ ਬਣਾਉਣਾ ਹੈ, ਜੋ ਮਨੁੱਖ ਨੂੰ ਇਸ ਕਾਬਲ ਬਣਾ ਸਕਣ ਕਿ ਉਹ ਚੰਗਿਆਈ ਨੂੰ ਬੁਰਾਈ ਨਾਲੋਂ, ਸੱਚਾਈ ਨੂੰ ਝੂਠ ਨਾਲੋਂ ਅਤੇ ਖੂਬਸੂਰਤੀ ਨੂੰ ਬਦਸੂਰਤੀ ਨਾਲੋਂ ਵੱਖਰਿਆਂ ਕਰਨ

ਦੇ ਯੋਗ ਬਣਾ ਸਕਣ। ਕਨਫ਼ਿਊਸ਼ਸ ਵਾਸਤਵ ਵਿਚ ਸੁਧਾਈ ਦੇ ਕਾਰਜ ਨੂੰ ਸਰਕਾਰ ਦਾ ਮੁਖ ਕਰਤੱਵ ਸਮਝਦੇ ਹਨ । ਇਸ ਤਰ੍ਹਾਂ ਉਹ ਸਰਕਾਰ ਨੂੰ ਨੈਤਿਕਤਾ ਦੇ ਆਧਾਰ ਤੇ ਸਥਾਪਿਤ ਕਰਨ ਦਾ ਸੁਨੇਹਾ ਦਿੰਦੇ ਹਨ ।

ਇਕ ਦਿਨ ਇਕ ਸ਼ਿਸ਼ ਨੇ ਕਨਫ਼ਿਊਸ਼ਸ ਤੇ ਸਵਾਲ ਕੀਤਾ ਕਿ ਜੇ ਉਨ੍ਹਾਂ ਨੂੰ ਕੋਈ ਸਰਕਾਰੀ ਉੱਚਾ ਅਹੁਦਾ ਮਿਲ ਜਾਵੇ ਤਾਂ ਉਹ ਕੀ ਕਰਨ ? ਕਨਫ਼ਿਊਸ਼ਸ ਨੇ ਜਵਾਬ ਦਿਤਾ, "ਨਾਵਾਂ ਵਲ ਧਿਆਨ ਦਿਓ । ਵੇਖੋ ਕਿ ਨਾਮ ਠੀਕ ਤਰ੍ਹਾਂ ਦਿੱਤੇ ਗਏ ਹਨ। ਜੇ ਨਾਮ ਠੀਕ ਤਰ੍ਹਾਂ ਨਹੀਂ ਦਿਤੇ ਗਏ ਹੋਣਗੇ ਤਾਂ ਭਾਸ਼ਾ ਸੱਚਾਈ ਨੂੰ ਪ੍ਰਗਟ ਨਹੀਂ ਕਰ ਸਕੇਗੀ ਅਤੇ ਜੇ ਭਾਸ਼ਾ ਸੱਚਾਈ ਪ੍ਰਗਟਾਏਗੀ ਤਾਂ ਹੀ ਕਾਰ-ਵਿਹਾਰ ਠੀਕ ਚਲ ਸਕੇਗਾ । ਜੇ ਇੰਝ ਨਹੀਂ ਹੋਵੇਗਾ ਤਾਂ ਨਾ ਕਰਤੱਵਾਂ ਦੀ ਪਾਲਣਾ ਹੋ ਸਕੇਗੀ ਤੇ ਨਾ ਹੀ ਸਦਾਚਾਰ ਠੀਕ ਲੀਹਾਂ ਤੇ ਚਲ ਕੇ ਪ੍ਰਫੁੱਲਿਤ ਹੋ ਸਕੇਗਾ । ਨਤੀਜੇ ਵਜੋਂ ਇਨਸਾਫ਼ ਤੇ ਕਾਨੂੰਨ ਦੀ ਮਿੱਟੀ ਪਲੀਤ ਹੋ ਜਾਵੇਗੀ । ਲੋਕ ਅਰਾਜਕਤਾ ਦਾ ਸ਼ਿਕਾਰ ਹੋ ਜਾਣਗੇ ।" ਠੀਕ ਨਾਂ ਤੋਂ ਕਨਫ਼ਿਊਸ਼ਸ ਦਾ ਭਾਵ ਇਹ ਸੀ ਕਿ ਹਰ ਚੀਜ਼ ਜਾਂ ਮਨੁੱਖ ਨੂੰ ਉਹ ਨਾਂ ਦੇਣਾ ਚਾਹੀਦਾ ਹੈ ਜੋ ਉਸ ਦੀ ਅਸਲੀਅਤ ਨੂੰ ਇੰਨ ਬਿੰਨ ਪ੍ਰਗਟਾਉਂਦਾ ਹੋਵੇ । ਇਸ ਨਾਲ ਖਰੇ ਅਤੇ ਖੋਟੇ ਦੀ ਪਹਿਚਾਣ ਹੋ ਸਕਦੀ ਹੈ ਅਤੇ ਅਜਿਹੇ ਆਧਾਰ ਬਣਾਏ ਜਾ ਸਕਦੇ ਹਨ ਜੋ ਸੱਚਾਈ ਅਤੇ ਬੁਰਾਈ ਵਿਚਕਾਰ ਪਰਖ ਕਰਨ ਵਿਚ ਮਦਦ ਕਰ ਸਕਣ । ਇਸ ਦਾ ਯਕੀਨਨ ਪ੍ਰਸ਼ਾਸਕਾਂ ਨੂੰ ਫ਼ਾਇਦਾ ਹੁੰਦਾ ਹੈ ।

ਸੁਧਾਈ ਕਰਨ ਦੇ ਕਨਫ਼ਿਊਸ਼ਸ ਨੇ ਕਈ ਮਹੱਤਵਪੂਰਨ ਢੰਗ ਦਸੇ ਹਨ । ਸਭ ਤੋਂ ਪਹਿਲਾ ਰਾਜ ਵਿਚ ਵਿਦਿਅਕ ਢਾਂਚਾ ਨੈਤਿਕ ਨਿਯਮਾਂ ਤੇ ਆਧਾਰਿਤ ਹੋਣਾ ਚਾਹੀਦਾ ਹੈ । ਸਦਗੁਣ ਤਰਕ ਤੋਂ ਬਿਨਾਂ ਸਤਿਕਾਰਿਆ ਨਹੀਂ ਜਾ ਸਕਦਾ ਜਿਵੇਂ ਸਦਗੁਣਾਂ ਤੋਂ ਬਗੈਰ ਤਰਕ ਮਾਨ ਪ੍ਰਾਪਤ ਕਰਨ ਦੇ ਅਸਮਰੱਥ ਹੈ । ਵਿਦਿਆ ਦਾ ਅਰਥ ਹੀ ਵਾਸਤਵ ਵਿਚ ਤਰਕ ਅਤੇ ਸਦਗੁਣਾਂ ਨੂੰ ਵਿਕਸਿਤ ਕਰਨਾ ਹੈ । ਕੋਈ ਵੀ ਰਾਜ ਭਾਵੇਂ ਕਿੰਨਾ ਵੱਡਾ ਹੋਵੇ ਜਾਂ ਉਸ ਦੀ ਵਸੋਂ ਵਧ ਹੋਵੇ, ਉੱਨਤੀ ਨਹੀਂ ਕਰ ਸਕਦਾ ਜਾਂ ਉਸ ਰਾਜ ਦੀ ਸਰਕਾਰ ਸ਼ੁਧ ਨਹੀਂ ਅਤੇ ਪਰਜਾ ਚੰਗੇ ਗੁਣਾਂ ਦੇ ਧਾਰਨੀ ਅਰਥਾਤ ਸਦਗੁਣੀ ਨਹੀਂ । ਇਸ ਸਬੰਧ ਵਿਚ ਕਨਫ਼ਿਊਸ਼ਸ ਹਦਾਇਤ ਕਰਦਾ ਹੈ ਕਿ ਵਿਦਿਅਕ ਢਾਂਚਾ ਅਜਿਹਾ ਹੋਣਾ ਚਾਹੀਦਾ ਹੈ ਜੋ ਘੱਟੋ ਘੱਟ ਨਿਮਨ ਲਿਖਤ ਸੱਤ ਗੱਲਾਂ ਦ੍ਰਿੜ੍ਹ ਕਰਾਏ ।

1. ਜੇ ਹੁਕਮਰਾਨ ਆਪਣੇ ਵਡੇਰਿਆਂ ਦਾ ਆਦਰ ਕਰਨਗੇ ਤਾਂ ਲੋਕ ਉਨ੍ਹਾਂ ਪ੍ਰਤੀ ਸਤਿਕਾਰ ਭਾਵਨਾ ਰੱਖਣਗੇ ।
2. ਜੇ ਹੁਕਮਰਾਨ ਆਮ ਲੋਕਾਂ ਨਾਲ ਮਿਲਵਰਤਣ ਰੱਖਣਗੇ ਤਾਂ ਲੋਕ ਉਨ੍ਹਾਂ ਨੂੰ ਸਹਿਯੋਗ ਦੇਣਗੇ ।
3. ਜੋ ਸ਼ਾਸਕ ਜਨਤਾ ਦੇ ਹਿੱਤ ਲਈ ਕਾਰਜ ਕਰਨਗੇ ਤਾਂ ਜਨਤਾ ਉਨ੍ਹਾਂ ਪ੍ਰਤੀ ਉਦਾਰਚਿਤ ਹੋਵੇਗੀ ।

4. ਜੇ ਸ਼ਾਸਕ ਸੁਘੜ ਵਜ਼ੀਰ ਨਿਯੁਕਤ ਕਰਨਗੇ ਤਾਂ ਲੋਕ ਚੰਗੇ ਮਨੁੱਖਾਂ ਦੀ ਸੰਗਤ ਕਰਨਗੇ ।
5. ਜੇ ਹੁਕਮਰਾਨ, ਸਦਗੁਣੀਆਂ ਦੀ ਕਦਰ ਕਰਨਗੇ ਤਾਂ ਲੋਕ ਆਪਸ ਵਿਚ ਦੰਗੇ ਫਸਾਦ ਨਹੀਂ ਕਰਨਗੇ ।
6. ਜੇ ਸ਼ਾਸਕ ਸਦਗੁਣੀ ਮਨੁੱਖਾਂ ਦੀ ਇੱਜ਼ਤ ਕਰਨਗੇ ਤਾਂ ਉਹ ਉਨ੍ਹਾਂ ਦੀ ਨੌਕਰੀ ਮਜ਼ਬੂਤ ਕਰਨਗੇ । ਜੇ ਸ਼ਾਸਕ ਦਲੇਰ ਅਤੇ ਮਜ਼ਬੂਤ ਹੋਣਗੇ ਤਾਂ ਲੋਕਾਂ ਨੂੰ ਗੰਦੇ ਕੰਮ ਕਰਨ ਲਗਿਆਂ ਸ਼ਰਮ ਮਹਿਸੂਸ ਹੋਵੇਗੀ ।
7. ਜੇ ਸਰਕਾਰ ਦੇਸ਼ ਭਗਤ ਹੋਵੇਗੀ ਅਤੇ ਆਪਣੀ ਇੱਜ਼ਤ ਨੂੰ ਬਚਾਉਣ ਦੀ ਸਮਰੱਥਾ ਰੱਖੇਗੀ ਤਾਂ ਲੋਕ ਆਪਣੇ ਕਰਤੱਵਾਂ ਦਾ ਪਾਲਣ ਕਰਨਗੇ ।

ਅਸਲ ਵਿਚ ਕਨਫ਼ਿਊਸ਼ਸ ਸਦਗੁਣਾਂ ਤੇ ਆਧਾਰਿਤ ਪ੍ਰਸ਼ਾਸਨ ਦਾ ਪ੍ਰਚਾਰ ਕਰਦਾ ਹੈ। ਉਸ ਦੀ ਧਾਰਨਾ ਸੀ ਕਿ ਨੈਤਿਕਤਾਪੂਰਨ ਪ੍ਰਬੰਧਕ ਲੋਕਾਂ ਲਈ ਮਿਸਾਲ ਬਣ ਕੇ ਉਨ੍ਹਾਂ ਨੂੰ ਨੈਤਿਕ ਤੌਰ ਤੇ ਉਚੇਰੇ ਹੋਣ ਦੀ ਪ੍ਰੇਰਨਾ ਦਿੰਦਾ ਹੈ । ਇਸ ਪ੍ਰਸੰਗ ਵਿਚ ਉਹ ਕਹਿੰਦਾ ਹੈ ਕਿ ਰਾਜ ਇਕ ਵਿਸ਼ਾਲ ਯੂਨੀਵਰਸਿਟੀ ਹੈ, ਸਾਰੇ ਲੋਕ ਵਿਦਿਆਰਥੀ ਹਨ ਅਤੇ ਪ੍ਰਬੰਧਕ ਸਿੱਖਿਆ ਦਾਤਾ ਹਨ । ਪ੍ਰਬੰਧਕੀ ਨੀਤੀਆਂ ਅਤੇ ਪ੍ਰਬੰਧਕੀ ਢਾਂਚਾ ਇਹ ਸਾਰੇ ਪਾਠ-ਕ੍ਰਮ ਦੇ ਹਿੱਸੇ ਹਨ।

ਸੁਧਾਈ ਦੇ ਅਸੂਲ ਦੀ ਕਾਮਯਾਬੀ ਲਈ ਲੋਕਾਂ ਨੂੰ ਮੁਫ਼ਤ ਵਿਦਿਆ ਦੇਣੀ ਬਹੁਤ ਜ਼ਰੂਰੀ ਹੈ । ਜਦੋਂ ਕੋਈ ਧਨੀ ਮਨੁੱਖ ਵਿਦਿਆ ਪ੍ਰਾਪਤ ਕਰਦਾ ਹੈ, ਉਹ ਆਪਣੇ ਸਾਥੀਆਂ ਨੂੰ ਪਿਆਰ ਕਰਨਾ ਸ਼ੁਰੂ ਕਰ ਦਿੰਦਾ ਹੈ । ਇਸੇ ਤਰ੍ਹਾਂ ਜਦੋਂ ਨੀਵੇਂ ਦਰਜੇ ਦਾ ਕੋਈ ਵਿਅਕਤੀ ਵਿਦਿਆ ਪ੍ਰਾਪਤ ਕਰਦਾ ਹੈ ਤਾਂ ਉਸ ਉਤੇ ਆਸਾਨੀ ਨਾਲ ਹਕੂਮਤ ਕੀਤੀ ਜਾ ਸਕਦੀ ਹੈ। ਇਸ ਤੋਂ ਬਾਅਦ ਜਿੱਥੇ ਕਿਤੇ ਠੀਕ ਵਿਦਿਆ ਦਾ ਪ੍ਰਚਾਰ ਹੋਵੇਗਾ, ਜਮਾਤੀ ਵਿਤਕਰੇ ਅਲੋਪ ਹੋ ਜਾਣਗੇ। ਕਨਫ਼ਿਊਸ਼ਸ ਦੇ ਕਥਨ ਅਨੁਸਾਰ ਇਹ ਜ਼ੁਲਮ ਹੈ ਕਿ ਸਰਕਾਰ ਲੋਕਾਂ ਨੂੰ ਸਿੱਖਿਅਤ ਕੀਤੇ ਬਗ਼ੈਰ ਸਜ਼ਾਵਾਂ ਦੇਵੇ ।

ਕਨਫ਼ਿਊਸ਼ਸ ਸੁਧਾਈ ਦਾ ਦੂਜਾ ਵੱਡਾ ਆਧਾਰ ਇਹ ਹੈ ਕਿ ਵੱਖ-ਵੱਖ ਲੋਕ ਆਪਣੇ-ਆਪਣੇ ਕਰਤੱਵਾਂ ਦਾ ਪਾਲਣ ਕਰਨ । ਇਕ ਦਿਨ ਇਕ ਸ਼ਾਸਕ ਨੇ ਕਨਫ਼ਿਊਸ਼ਸ ਨੂੰ ਪੁਛਿਆ ਕਿ ਉਸ ਦੇ ਸਰਕਾਰ ਪ੍ਰਤੀ ਕੀ ਵਿਚਾਰ ਹਨ । ਉਸ ਨੂੰ ਉੱਤਰ ਮਿਲਿਆ, “ਸਰਕਾਰ ਉਸ ਸਮੇਂ ਹੁੰਦੀ ਹੈ ਜਦੋਂ ਸ਼ਾਸਕ ਆਪਣਾ ਕੰਮ ਕਰੇ, ਮੰਤਰੀ ਆਪਣਾ, ਪਿਤਾ ਆਪਣਾ ਅਤੇ ਪੁੱਤਰ ਆਪਣਾ ।" ਤੀਜਾ ਆਧਾਰ ਜੋ ਕਨਫ਼ਿਊਸ਼ਸ ਨੇ ਦਸਿਆ ਉਹ ਸੀ ਸਿਵਲ ਅਧਿਕਾਰੀਆਂ ਦਾ ਪ੍ਰਬੰਧ ਨੂੰ ਚਲਾਉਣਾ ।

ਸਰਕਾਰ ਇਕ ਮਨੁੱਖੀ ਸੰਸਥਾ ਹੈ । ਜਦੋਂ ਇਸ ਨੂੰ ਚਲਾਉਣ ਵਾਲੇ ਸਦਗੁਣੀ ਵਿਅਕਤੀ ਹੁੰਦੇ ਹਨ, ਇਹ ਚੰਗੀ ਬਣ ਜਾਂਦੀ ਹੈ । ਚੰਗੇ ਵਿਅਕਤੀਆਂ ਤੋਂ ਬਗ਼ੈਰ ਚੰਗੀ ਹਕੂਮਤ ਹੋਂਦ ਵਿਚ ਨਹੀਂ ਆ ਸਕਦੀ । ਸਪਸ਼ਟ ਅਤੇ ਸਮੁੱਚੇ ਵਿਅਕਤੀਆਂ ਨੂੰ ਸਰਕਾਰੀ ਨੌਕਰੀਆਂ ਵਿਚ ਭਰਤੀ ਕਰੋ, ਫਿਰ ਵੇਖੋ ਸ਼ਰਾਰਤੀ ਤੇ ਦਗਾਬਾਜ਼ ਕਿਵੇਂ ਸਦਗੁਣੀ ਬਣਨ ਦਾ ਯਤਨ ਕਰਦੇ ਹਨ। ਉਪਰੰਤ ਇਤਿਹਾਸ ਅਤੇ ਰਾਜਨੀਤੀ ਸ਼ਾਸਤਰ ਦੀ ਪੜ੍ਹਾਈ ਵੀ ਸੁਧਾਈ ਦੇ ਕੰਮ ਵਿਚ ਬਹੁਤ ਸਹਾਈ ਸਿਧ ਹੁੰਦੀ ਹੈ। ਇਸ ਲਈ ਕਨਫ਼ਿਊਸ਼ਸ ਪੜ੍ਹਾਈ ਨੂੰ ਸਿੱਖਿਆ ਦੇ ਪਾਠ-ਕ੍ਰਮ ਦਾ ਹਿੱਸਾ ਬਣਾਉਣ ਦੇ ਹੱਕ ਵਿਚ ਸੀ । ਇਹ ਦੋਵੇਂ ਵਿਸ਼ੇ ਲੋਕਾਂ ਨੂੰ ਇਸ ਯੋਗ ਬਣਾਉਂਦੇ ਹਨ ਕਿ ਉਹ ਵੱਖ ਵੱਖ ਵਸਤਾਂ, ਘਟਨਾਵਾਂ ਅਤੇ ਵਿਅਕਤੀਆਂ ਨੂੰ ਠੀਕ ਨਾਂ ਦੇ ਸਕਦੇ ਹਨ । ਵੱਖ-ਵੱਖ ਵਿਅਕਤੀਆਂ ਦੇ ਕਾਰਜ ਖੇਤਰ ਨਿਸ਼ਚਿਤ ਕਰ ਸਕਦੇ ਹਨ ਅਤੇ ਘਟਨਾਵਾਂ ਤੇ ਟੀਕਾ ਟਿੱਪਣੀ ਕਰ ਸਕਦੇ ਹਨ।

******

ਕਾਂਡ ਗਿਆਰਵਾਂ

# ਕਨਫ਼ਿਊਸ਼ਸ ਦੇ ਅਨਮੋਲ ਵਚਨ

## ਸਦ-ਭਾਵੀ ਵਿਅਕਤੀ

ਸੰਪਤੀ ਅਤੇ ਉਚੀ ਪਦਵੀ, ਇਹ ਦੋਵੇਂ ਚੀਜ਼ਾਂ ਮਨੁੱਖ ਪ੍ਰਾਪਤ ਕਰਨਾ ਚਾਹੁੰਦਾ ਹੈ, ਪਰੰਤੂ ਜੇ ਇਹ ਸਦ-ਵਿਵਹਾਰ ਦੁਆਰਾ ਪ੍ਰਾਪਤ ਨਹੀਂ ਹੁੰਦੀਆਂ ਤਾਂ ਇਨ੍ਹਾਂ ਦੀ ਇੱਛਾ ਤਿਆਗ ਦੇਣੀ ਚਾਹੀਦੀ ਹੈ । ਗਰੀਬੀ ਅਤੇ ਨੀਵਾਂ ਪਦ, ਇਨ੍ਹਾਂ ਦੀ ਪ੍ਰਾਪਤੀ ਲਈ ਮਨੁੱਖ ਕਦੀ ਵੀ ਚਾਹਵਾਨ ਨਹੀਂ ਹੁੰਦਾ, ਪਰੰਤੂ ਜੇ ਸਦ-ਵਿਵਹਾਰ ਦਾ ਅਸੂਲ ਭੰਗ ਨਹੀਂ ਹੁੰਦਾ ਤਾਂ ਇਨ੍ਹਾਂ ਨੂੰ ਸਵੀਕਾਰ ਕਰ ਲੈਣਾ ਚਾਹੀਦਾ ਹੈ। ਜੋ ਸਨਮਾਨਯੋਗ ਵਿਅਕਤੀ ਪ੍ਰਾਣੀ ਪ੍ਰਤੀ ਸਦਭਾਵਨਾ ਨਹੀਂ ਰਖਦੇ, ਤਾਂ ਉਨ੍ਹਾਂ ਦਾ ਸਨਮਾਨ ਕਰਨਾ ਗਲਤੀ ਹੈ । ਯੋਗ ਸੱਜਣ ਹਰ ਸਮੇਂ, ਭਾਵੇਂ ਉਹ ਖਾਣਾ ਖਾ ਰਹੇ ਹੋਣ ਜਾਂ ਕਿਸੇ ਹੋਰ ਕੰਮ ਵਿਚ ਰੁਝੇ ਹੋਏ ਹੋਣ, ਸਦਭਾਵਨਾ ਨੂੰ ਨਹੀਂ ਵਿਸਾਰਦੇ। ਬੜੇ ਤੋਂ ਬੜੇ ਸੰਕਟ ਜਾਂ ਦਬਾ ਹੇਠ ਵੀ ਉਹ ਸਦਗੁਣਾਂ ਦੇ ਧਾਰਨੀ ਰਹਿਣਾ ਪਸੰਦ ਕਰਦੇ ਹਨ ।” ਤੁਹਾਡਾ ਲੋਕਾਂ ਪ੍ਰਤੀ ਇੰਜ ਵਿਵਹਾਰ ਹੋਣਾ ਚਾਹੀਦਾ ਹੈ ਜਿਵੇਂ ਕਿ ਤੁਸੀਂ ਆਪਣੇ ਕਿਸੇ ਮੁੱਖ ਮਹਿਮਾਨ ਨਾਲ ਕਰਦੇ ਹੋ । ਲੋਕਾਂ ਨੂੰ ਸਰਵਜਨਕ ਕੰਮ ਇੰਜ ਕਰਨੇ ਚਾਹੀਦੇ ਹਨ ਜਿਵੇਂ ਕਿ ਉਹ ਕੋਈ ਯੱਗ ਕਰਦੇ ਹਨ । ਤੁਸੀਂ ਲੋਕਾਂ ਪ੍ਰਤੀ ਇਸ ਤਰ੍ਹਾਂ ਦਾ ਵਤੀਰਾ ਰੱਖੋ ਜਿਸ ਤਰ੍ਹਾਂ ਤੁਸੀ ਉਨ੍ਹਾਂ ਪਾਸੋਂ ਚਾਹੁੰਦੇ ਹੋ । ਸਦ ਭਾਵੀ ਮਨੁੱਖ ਸਦ-ਵਿਵਹਾਰ ਨੂੰ ਕਿਸੇ ਮੌਕੇ ਤੇ ਵੀ ਅੱਖੋਂ ਉਹਲੇ ਨਹੀਂ ਕਰੇਗਾ, ਭਾਵੇਂ ਇਸ ਦੌਰਾਨ ਉਸ ਨੂੰ ਆਪਣੀ ਜਾਨ ਵੀ ਕਿਉਂ ਨਾ ਦੇਣੀ ਪਵੇ। “ਜੇ ਮਨੁੱਖ ਸਹੀ ਅਰਥਾਂ ਵਿਚ ਸਦ ਭਾਵੀ ਬਣ ਜਾਣ ਤਾਂ ਸੰਸਾਰ ਵਿਚ ਮੰਦ-ਵਿਵਹਾਰ ਦਾ ਨਾਮੋ ਨਿਸ਼ਾਨ ਮਿਟ ਜਾਏਗਾ।”

## ਮਨੁੱਖ ਬਾਰੇ

ਕਨਫ਼ਿਊਸ਼ਸ ਦਾ ਸ਼ਿਸ਼ ਯੂ (Tsaiyu) ਦਿਨ ਵਿਚ ਸੌਣ ਦਾ ਆਦੀ ਸੀ। ਕਨਫ਼ਿਊਸ਼ਸ ਨੇ ਕਿਹਾ; “ਜਿਵੇਂ ਗਲੀ ਹੋਈ ਲੱਕੜੀ ਤੇ ਉਕਰਾਈ ਠੀਕ ਨਹੀਂ ਹੁੰਦਾ, ਇਸੇ ਤਰ੍ਹਾਂ ਸਾਈ ਯੂ ਨੂੰ ਝਾੜ-ਝੰਬ ਪਾਉਣ ਦੀ ਕੋਈ ਲੋੜੀ ਨਹੀਂ। ਅਰੰਭ ਵਿਚ ਜੋ ਲੋਕ ਕਹਿੰਦੇ ਸਨ, ਮੈਂ ਉਨ੍ਹਾਂ ਨੂੰ ਸੁਣਦਾ ਸਾਂ ਅਤੇ ਆਸ ਕਰਦਾ ਸਾਂ ਕਿ ਉਹ ਆਪਣੇ ਬੋਲਾਂ ਨੂੰ ਅਮਲੀ ਰੂਪ ਦੇਣਗੇ। ਹੁਣ ਮੈਂ ਲੋਕਾਂ ਨੂੰ ਸੁਣਦਾ ਹਾਂ ਤੇ ਨਾਲ ਹੀ ਦੇਖਦਾ ਹਾਂ ਕਿ ਉਹ ਕੀ ਕਰਦੇ ਹਨ? ਸਾਈ ਯੂ ਦੇ ਵਿਵਹਾਰ ਨੂੰ ਵੇਖ ਕੇ ਮੈਂ ਆਪਣੇ ਦ੍ਰਿਸ਼ਟੀਕੋਣ ਨੂੰ ਬਦਲਿਆ ਹੈ।”

“ਵਾਸਤਵ ਵਿਚ ਮੈਂ ਕੋਈ ਵੀ ਅਜਿਹਾ ਵਿਅਕਤੀ ਨਹੀਂ ਵੇਖਿਆ ਜੋ ਆਪਣੇ ਦੋਸ਼ਾਂ ਨੂੰ ਪਹਿਚਾਣੇ ਅਤੇ ਆਪਣੇ ਆਪ ਵਿਚ ਮਹਿਸੂਸ ਕਰੇ ਕਿ ਇਨ੍ਹਾਂ ਦਾ ਜ਼ਿੰਮੇਵਾਰ ਉਹ ਆਪ ਹੈ।”

"ਮੈਨੂੰ ਕੋਈ ਅਜਿਹਾ ਵਿਅਕਤੀ ਨਹੀਂ ਮਿਲਿਆ ਜੋ ਪੂਰਨ ਤੌਰ ਤੇ ਦ੍ਰਿੜ੍ਹ-ਚਿੱਤ ਹੋਵੇ। ਕਿਸੇ ਨੇ ਕੋਲੋਂ ਕਿਹਾ ਕਿ ਸ਼ੈਨ ਚੈਂਗ (Shen Cheng) ਅਜਿਹਾ ਮਨੁੱਖ ਹੈ । ਕਨਫ਼ਿਊਸ਼ਸ ਨੇ ਉੱਤਰ ਦਿੱਤਾ, “ਚੈਂਗ ਕਿਵੇਂ ਹੋ ਸਕਦਾ ਹੈ, ਉਹ ਤਾਂ ਖ਼ਾਹਿਸ਼ਾਂ ਦਾ ਪਲੰਦਾ ਹੈ। ਤ੍ਰਿਸ਼ਨਾਵਾਂ ਵਿਚ ਗ੍ਰਹਿਸਤ ਕੋਈ ਮਨੁੱਖ ਵੀ ਮੁਕੰਮਲ ਤੌਰ ਤੇ ਦ੍ਰਿੜ੍ਹ-ਚਿਤ ਹੋਣ ਦੀ ਸਮਰੱਥਾ ਨਹੀਂ ਰਖ ਸਕਦਾ ।”

“ਕੀ ਸਦ-ਭਾਵਨਾ ਦੇ ਗੁਣ ਨੂੰ ਵਿਕਸਿਤ ਕਰਨਾ ਮਨੁੱਖ ਲਈ ਮੁਸ਼ਕਿਲ ਹੈ ? ਨਹੀਂ, ਜੇ ਤੁਸੀਂ ਸੱਚਮੁੱਚ ਸਦਭਾਵੀ ਬਣਨਾ ਚਾਹੁੰਦੇ ਹੋ, ਤਾਂ ਲਓ ਤੁਸੀਂ ਹੋ ਗਏ ਹੋ ।

“ਤੁਸੀਂ ਲੂ ਰਾਜ ਦੀਆਂ ਫ਼ੌਜਾਂ ਖ਼ਤਮ ਕਰ ਸਕਦੇ ਹੋ, ਪਰੰਤੂ ਤੁਸੀਂ ਕਿਸੇ ਮਾਮੂਲੀ ਜਿਹੇ ਵਿਅਕਤੀ ਦੇ ਆਦਰਸ਼ਾਂ ਨੂੰ ਉਸ ਪਾਸੋਂ ਖੋਹ ਨਹੀਂ ਸਕਦੇ ।”

“ਉੱਤਮ ਵਿਅਕਤੀਆਂ ਦੇ ਵਿਅਕਤੀਤਵ ਦਾ ਇਕ ਮਹਾਨ ਲੱਛਣ ਉਨ੍ਹਾਂ ਦੀ ਬੋਲ-ਸ਼ਕਤੀ ਹੁੰਦਾ ਹੈ, ਪਰੰਤੂ ਬੋਲ-ਸ਼ਕਤੀ ਦਾ ਹੋਣਾ ਲਾਜ਼ਮੀ ਤੌਰ ਤੇ ਇਸ ਗੱਲ ਦਾ ਲਖਾਇਕ ਨਹੀਂ ਕਿ ਇਸ ਦਾ ਧਾਰਨੀ ਮਹਾਨ ਵਿਅਕਤੀ ਹੈ ।”

ਸਦਭਾਵੀ ਮਨੁੱਖ ਵਿਚ ਸਾਹਸ ਲਾਜ਼ਮੀ ਤੌਰ ਤੇ ਹੁੰਦਾ ਹੈ, ਪਰ ਹੋ ਸਕਦਾ ਹੈ ਕਿ ਬਹਾਦਰ ਮਨੁੱਖਾਂ ਵਿਚ ਸਦ-ਭਾਵਨਾ ਦਾ ਗੁਣ ਨਾ ਹੋਵੇ ।

“ਮਨੁੱਖ ਜਦੋਂ ਪੈਦਾ ਹੁੰਦੇ ਹਨ, ਉਨ੍ਹਾਂ ਦੀ ਸਥਿਤੀ ਲਗਭਗ ਇੱਕੋ ਜਿਹੀ ਹੁੰਦੀ ਹੈ, ਪਰ ਬਾਅਦ ਵਿਚ ਆਦਤਾਂ ਦੇ ਪੱਖ ਤੋਂ ਉਨ੍ਹਾਂ ਦੀ ਸਥਿਤੀ ਅਲੱਗ ਅਲੱਗ ਹੋ ਜਾਂਦੀ ਹੈ ।

“ਜੋ ਵਕਤ ਨਾਲ ਬਦਲਦੇ ਨਹੀਂ, ਉਹ ਜਾਂ ਤਾਂ ਸਭ ਤੋਂ ਸਿਆਣੇ ਮਨੁੱਖ ਹੁੰਦੇ ਹਨ ਜਾਂ ਸਭ ਤੋਂ ਵੱਧ ਬੇਵਕੂਫ਼ ।

******

ਕਾਂਡ ਬਾਰ੍ਹਵਾਂ

## ਸ਼ਾਸਕ ਅਤੇ ਰਿਆਇਆ ਦੇ ਪਰਸਪਰ ਸਬੰਧ

ਚੀ ਕਾਂਗ ਯੂ (Chi Kang Tru) ਜੋ ਲੂ ਰਾਜ ਦਾ ਇਕ ਮੁੱਖ ਅਧਿਕਾਰੀ ਸੀ, ਕਨਫ਼ਿਊਸ਼ਸ ਦਾ ਬੜਾ ਸ਼ਰਧਾਲੂ ਸੀ । ਉਸ ਨੇ ਕਨਫ਼ਿਊਸ਼ਸ ਨੂੰ ਪੁੱਛਿਆ ਕਿ ਹਕੂਮਤ ਕਿਵੇਂ ਕੀਤੀ ਜਾਣੀ ਚਾਹੀਦੀ ਹੈ ? ਉਸ ਨੇ ਉਤਰ ਦਿੱਤਾ, "ਗੁੰਝਲਾਂ ਨੂੰ ਦੂਰ ਕਰਕੇ ਸਪਸ਼ਟਤਾ ਲਿਆਉਣੀ ਇਹ ਹਕੂਮਤ ਦਾ ਕੰਮ ਹੈ। ਜੇ ਹਾਕਮ ਸਾਰੀਆਂ ਗੱਲਾਂ ਨੂੰ ਸਿਧਰਾ ਕਰ ਦਿੰਦਾ ਹੈ, ਤਾਂ ਨਿਸ਼ਚੇ ਹੀ ਉਹ ਕਾਮਯਾਬ ਹੈ ।"

ਫਿਰ ਕਾਂਗ ਯੂ ਨੇ ਪੁਛਿਆ `ਫ਼ਰਜ਼ ਕਰੋ ਅਸੂਲ-ਰਹਿਤ ਲੋਕਾਂ ਨੂੰ ਮੈਂ ਖ਼ਤਮ ਕਰ ਦਿੰਦਾ ਹਾਂ ਤਾਂ ਜੋ ਅਸੂਲ-ਪ੍ਰਸਤ ਲੋਕ ਅੱਗੇ ਆ ਸਕਣ, ਇਸ ਬਾਰੇ ਆਪ ਦੀ ਕੀ ਰਾਇ ਹੈ ? "ਕਨਫ਼ਿਊਸ਼ਸ ਨੇ ਜਵਾਬ ਦਿੱਤਾ" ਤੁਹਾਡੇ ਪਾਸ ਹਕੂਮਤ ਹੈ, ਤੁਸੀਂ ਲੋਕਾਂ ਨੂੰ ਮਾਰਨ ਦੀ ਸ਼ਕਤੀ ਰੱਖਦੇ ਹੋ । ਪਰ ਤੁਸੀਂ ਲੋਕਾਂ ਦੇ ਕਤਲ ਦੁਆਰਾ ਹਕੂਮਤ ਦਾ ਕੰਮ ਨਹੀਂ ਚਲਾ ਸਕੋਗੇ। ਜੇ ਤੁਹਾਡੀਆਂ ਇੱਛਾਵਾਂ ਚੰਗੀਆਂ ਹੋਣਗੀਆਂ, ਤਾਂ ਲੋਕਾਂ ਦਾ ਵਿਵਹਾਰ ਵੀ ਚੰਗਾ ਹੋ ਜਾਵੇਗਾ । ਇਹੋ ਸਮਝੋ ਕਿ ਹਾਕਮ ਸ਼੍ਰੇਣੀ ਹਵਾ ਦੀ ਨਿਆਈ ਹੁੰਦੀ ਹੈ ਅਤੇ ਆਮ ਜਨਤਾ ਘਾਹ ਵਾਂਗ । ਜਦੋਂ ਘਾਹ ਦਾ ਹਵਾ ਨਾਲ ਮੇਲ ਹੁੰਦਾ ਹੈ, ਤਾਂ ਘਾਹ ਹਮੇਸ਼ਾ ਝੁਕਦੀ ਹੈ ।"

ਇਕ ਹੋਰ ਪ੍ਰਸ਼ਨ ਦੇ ਜਵਾਬ ਵਿਚ ਕਨਫ਼ਿਊਸ਼ਸ ਨੇ ਦੱਸਿਆ "ਜੇ ਤੁਸੀਂ ਸੁਹਿਰਦਤਾ ਤੇ ਹਮਦਰਦੀ ਸਹਿਤ ਲੋਕਾਂ ਦਾ ਧਿਆਨ ਰੱਖੋਗੇ ਤਾਂ ਉਹ ਜ਼ਰੂਰ ਤੁਹਾਡਾ ਮਾਣ ਕਰਨਗੇ । ਜੇ ਤੁਸੀਂ ਆਪਣੇ ਬੱਚਿਆਂ ਪ੍ਰਤੀ ਸਦਭਾਵਨਾ ਰਖਦੇ ਹੋ ਅਤੇ ਉਨ੍ਹਾਂ ਨਾਲ ਪਿਆਰ ਕਰਦੇ ਹੋ ਤਾਂ ਉਹ ਤੁਹਾਡੇ ਪ੍ਰਤੀ ਜ਼ਰੂਰ ਸਤਿਕਾਰ ਰੱਖਣਗੇ । ਜੇ ਤੁਸੀਂ ਸਦਭਾਵੀ ਮਨੁੱਖ ਨੂੰ ਹਕੂਮਤ ਦਾ ਕੰਮ-ਕਾਜ ਸੰਭਾਲਦੇ ਹੋ ਅਤੇ ਅਯੋਗ ਮਨੁੱਖਾਂ ਨੂੰ ਯੋਗਤਾ ਪ੍ਰਾਪਤ ਕਰਨ ਹਿਤ ਸਿੱਖਿਆ ਦਿੰਦੇ ਹੋ ਤਾਂ ਜਨ-ਸਾਧਾਰਨ ਜ਼ਰੂਰ ਉਤਸ਼ਾਹਿਤ ਹੋਣਗੇ ।

ਜਦੋਂ ਕਿਸੇ ਸ਼ਾਸਕ ਨੇ ਪੁਛਿਆ ਕਿ ਮਹਾਤਮਾ ਕਨਫ਼ਿਊਸ਼ਸ ਉਸ ਨੂੰ ਕੋਈ ਨਸੀਹਤ ਕਰਨ ਤਾਂ ਉਸ ਨੂੰ ਅਗੋਂ ਜਵਾਬ ਮਿਲਿਆ "ਜਨ-ਸਾਧਾਰਨ ਦੇ ਆਗੂ ਬਣੋ ਅਤੇ ਉਨ੍ਹਾਂ ਦੇ ਹਿਤਾਂ ਲਈ ਰਾਤ ਦਿਨ ਮਿਹਨਤ ਕਰੋ । ਇੰਜ ਕਰਨ ਤੋਂ ਨਾ ਥੱਕੋ ਤੇ ਨਾ ਅੱਕੋ।

ਚੀ (Chi) ਰਾਜ ਦੇ ਡਿਊਕ ਚਿੰਗ (Ching) ਮਹਾਤਮਾ ਨੇ ਕਨਫ਼ਿਊਸ਼ਸ ਨੂੰ ਬੇਨਤੀ ਕੀਤੀ ਕਿ ਉਹ ਉਸ ਨੂੰ ਹਕੂਮਤ ਦਾ ਕੰਮ ਚਲਾਉਣ ਲਈ ਕੋਈ ਨੁਕਤਾ ਦੱਸੇ । ਮਹਾਤਮਾ ਨੇ ਜਵਾਬ ਦਿੱਤਾ। "ਪ੍ਰਭੂ ਸੱਤਾਧਾਰੀ ਸਹੀ ਅਰਥਾਂ ਵਿਚ ਪ੍ਰਭੂ ਸੱਤਾਧਾਰੀ ਹੋਵੇ, ਮੰਤਰੀ ਮੰਤਰੀ ਹੋਵੇ, ਪਿਤਾ ਪਿਤਾ ਤੇ ਪੁੱਤਰ ਪੁੱਤਰ ਬਣੇ ।"

ਜਦੋਂ ਮਹਾਤਮਾ ਕਨਫ਼ਿਊਸ਼ਸ ਵੀ ਰਾਜ ਵੱਲ ਜਾ ਰਹੇ ਸੀ ਤਾਂ ਬੱਘੀ ਦਾ ਡਰਾਈਵਰ ਜਾਨ ਯੂ ਸੀ । ਮਹਾਤਮਾ ਨੂੰ ਪਤਾ ਲੱਗਿਆ ਕਿ ਵੀ ਰਾਜ ਦੀ ਆਬਾਦੀ ਕਾਫ਼ੀ ਜ਼ਿਆਦਾ ਹੈ । ਇਸ ਪ੍ਰਸੰਗ ਵਿਚ ਜਾਨ ਯੂ ਨੇ ਪੁਛਿਆ "ਜਦੋਂ ਰਾਜ ਆਬਾਦੀ ਵਧਾਉਣ ਵਿਚ ਸਫਲ ਹੋ ਜਾਵੇ ਤਾਂ ਉਸ ਨੂੰ ਫਿਰ ਕੀ ਕਰਨਾ ਚਾਹੀਦਾ ਹੈ ਤਾਂ ਮਹਾਤਮਾ ਨੇ ਉਤਰ ਦਿੱਤਾ "ਸੰਪਤੀ ਵਧਾਉਣੀ ਚਾਹੀਦੀ ਹੈ" । ਇਸ ਦੇ ਨਾਲ ਨਾਲ ਸਿੱਖਿਆ ਦਾ ਵਿਆਪਕ ਅਤੇ ਚੰਗਾ ਪ੍ਰਬੰਧ ਕਰਨਾ ਬਹੁਤ ਜ਼ਰੂਰੀ ਹੈ ।

ਕਨਫ਼ਿਊਸ਼ਸ ਦਾ ਕਥਨ ਸੀ" ਸ਼ੁਧ ਸ਼ਾਸਕ ਨੂੰ ਤਖਤ ਤੇ ਬਿਠਾਓ, ਫਿਰ ਵੇਖੋ, ਇੱਕੋ ਪੁਸ਼ਤ ਵਿਚ ਸਦਭਾਵੀ ਮਨੁੱਖਾਂ ਦਾ ਬੋਲਬਾਲਾ ਹੋ ਜਾਏਗਾ ।"

"ਮਾਮੂਲੀ ਲਾਭਾਂ ਵੱਲ ਨਾ ਜਾਓ, ਨਾ ਹੀ ਛੇਤੀ ਸਿੱਟਿਆਂ ਵੱਲ ਝਾਕੋ। ਜੇ ਤੁਸੀਂ ਮਾਮੂਲੀ ਲਾਭਾਂ ਦਾ ਧਿਆਨ ਕਰੋਗੇ ਤਾਂ ਮਹੱਤਵਪੂਰਨ ਕੰਮ ਨਹੀਂ ਕਰ ਸਕੋਗੇ ਤੇ ਜੇ ਤੁਸੀਂ ਤੁਰੰਤ ਸਿੱਟਿਆਂ ਦਾ ਖਿਆਲ ਰੱਖੋਗੇ ਤਾਂ ਤੁਸੀਂ ਬਹੁਤ ਪ੍ਰਭਾਵ ਨਹੀਂ ਪਾ ਸਕੋਗੇ ।"

ਸ੍ਰੀ ਨਾਮਕ ਰਾਜ ਦੇ ਸ਼ਾਸਕ ਨੂੰ ਇਕ ਵਾਰਤਾਲਾਪ ਵਿਚ ਕਨਫ਼ਿਊਸ਼ਸ ਨੇ ਸਮਝਾਇਆ "ਜੇ ਤੁਸੀਂ ਕਾਨੂੰਨਾਂ ਅਤੇ ਸਜ਼ਾਵਾਂ ਰਾਹੀਂ ਲੋਕਾਂ ਤੇ ਹਕੂਮਤ ਕਰਨਾ ਚਾਹੋਗੇ ਤਾਂ ਉਹ ਕਾਨੂੰਨ ਦੀ ਉਲੰਘਣਾ ਕਰਨ ਲਈ ਬਹਾਨੇ ਲੱਭਣਗੇ । ਜੇ ਤੁਸੀਂ ਆਪਣੀ ਨੈਤਿਕ ਸ਼ਕਤੀ ਅਤੇ ਪ੍ਰਚਿੱਲਤ ਪਰੰਪਰਾ ਦੁਆਰਾ ਉਨ੍ਹਾਂ ਤੇ ਹਕੂਮਤ ਕਰੋਗੇ ਤਾਂ ਉਨ੍ਹਾਂ ਦੀ ਜ਼ਮੀਰ ਉਨ੍ਹਾਂ ਨੂੰ ਤੁਹਾਡੇ ਪ੍ਰਤੀ ਵਫ਼ਾਦਾਰ ਹੋਣ ਲਈ ਪ੍ਰੇਰੇਗੀ ਅਤੇ ਉਹ ਤੁਹਾਡੇ ਪ੍ਰਤੀ ਸਤਿਕਾਰ ਸਹਿਤ ਵਿਵਹਾਰ ਕਰਨਗੇ ।"

******

ਕਾਂਡ ਤੇਰਵਾਂ

## ਅਤੀਤ ਅਤੇ ਵਰਤਮਾਨ ਕਾਲ

ਮਹਾਤਮਾ ਕਨਫ਼ਿਊਸ਼ਸ ਨੇ ਕਿਹਾ "ਮੈਂ ਕੁਝ ਨਵਾਂ ਸਿਰਜਿਆ ਨਹੀਂ, ਪੁਰਾਣਾ ਹੀ ਲੋਕਾਂ ਤਕ ਪਹੁੰਚਾਇਆ ਹੈ। ਮੈਂ ਆਪਣੇ ਤੋਂ ਪਹਿਲਾਂ ਦੇ ਲੋਕਾਂ ਦਾ ਸਤਿਕਾਰ ਕਰਦਾ ਹਾਂ।"

ਵਾਸਤਵ ਵਿਚ ਮੈਂ ਆਪਣੀ ਵਿਚਾਰਧਾਰਾ ਲਈ ਪੁਰਾਣੇ ਲੋਕਾਂ ਦਾ ਰਿਣੀ ਹਾਂ। ਢੇਰ ਚਿਰ ਪਹਿਲਾਂ ਮੈਨੂੰ ਅਨੁਭਵ ਹੋਇਆ ਕਿ ਮੇ ਚਓ ਦੇ ਡਿਊਕ (ਪ੍ਰਾਚੀਨ ਸ਼ਾਸਕ) ਨੂੰ ਸੁਪਨੇ ਵਿਚ ਮਿਲਿਆ ਹਾਂ।

"ਪ੍ਰਾਚੀਨ ਸਮੇਂ ਵਿਚ ਮਨੁੱਖਾਂ ਨੇ ਇਸ ਲਈ ਅਧਿਐਨ ਕੀਤਾ ਤਾਂ ਜੋ ਉਹ ਆਪਣੇ ਆਪ ਦੀ ਸ਼ੁਧੀ ਕਰ ਸਕਣ। ਅੱਜਕਲ੍ਹ ਇਸ ਲਈ ਅਧਿਐਨ ਕੀਤਾ ਜਾਂਦਾ ਹੈ ਤਾਂ ਜੋ ਲੋਕਾਂ ਵਿਚ ਪ੍ਰਿਯਤਾ ਪ੍ਰਾਪਤ ਕੀਤੀ ਜਾ ਸਕੇ।"

******

ਕਾਂਡ ਚੌਧਵਾਂ

## ਸੱਚਾ ਗਿਆਨ, ਨੈਤਿਕਤਾ, ਰੀਤੀ-ਰਿਵਾਜ ਅਤੇ ਸਹਿਜ

ਗਿਆਨ ਸਬੰਧੀ ਮਹਾਤਮਾ ਕਨਫ਼ਿਊਸ਼ਸ ਦੇ ਵਿਚਾਰ ਬੜੇ ਮਹੱਤਵਪੂਰਨ ਹਨ । ਉਹ ਗਿਆਨ ਪ੍ਰਾਪਤ ਕਰਨ ਦੇ ਬੜੇ ਇੱਛੁਕ ਸਨ । ਉਨ੍ਹਾਂ ਦੇ ਕੁਝ ਕੁ ਵਿਚਾਰ ਨਿਮਨ ਲਿਖਤ ਹਨ :-

"ਅਜਿਹੇ ਲੋਕ ਹੋਣਗੇ ਜੋ ਗਿਆਨ ਤੋਂ ਸਖਣੇ ਸੰਤੋਸ਼ਜਨਕ ਵਿਚਰਦੇ ਹਨ । ਪਰ ਮੈਂ ਅਜਿਹਾ ਨਹੀਂ ।"

"ਮੈਨੇ ਸਾਰਾ ਦਿਨ ਭੋਜਨ ਨਹੀਂ ਛੱਕਿਆ ਤੇ ਨਾ ਸਾਰੀ ਰਾਤ ਸੁੱਤਾ ਹਾਂ । ਇਹ ਸਭ ਕੁਝ ਮੈਂ ਤਾਂ ਕੀਤਾ ਤਾਂ ਕਿ ਮੈਂ ਸਮਾਧੀ ਸਥਿਤ ਹੋ ਕੇ ਆਪਣੇ ਧਿਆਨ ਦੁਆਰਾ ਉਚੇਰੇ ਗਿਆਨ ਦੀ ਪ੍ਰਾਪਤੀ ਕਰ ਸਕਾਂ, ਪਰੰਤੂ ਮੈਨੂੰ ਇਸ ਪ੍ਰਸੰਗ ਵਿਚ ਕੁਝ ਵੀ ਪ੍ਰਾਪਤ ਨਹੀਂ ਹੋਇਆ । ਧਿਆਨ ਧਰਨ ਦੀ ਬਜਾਇ ਕੁਝ ਸੁਚੇਤ ਰੂਪ ਵਿਚ ਸਿਖਣਾ ਜ਼ਿਆਦਾ ਲਾਭਦਾਇਕ ਹੈ ।"

ਆਪਣੇ ਇਕ ਚੇਲੇ ਯੂ ਲੂ (Tsulu) ਨੂੰ ਸਮਝਾਉਂਦੇ ਹੋਏ ਮਹਾਤਮਾ ਕਨਫ਼ਿਊਸ਼ਸ ਨੇ ਕਿਹਾ : "ਕਿਸੇ ਵਸਤੂ ਨੂੰ ਜਾਣ ਲੈਣਾ ਤੇ ਫਿਰ ਪਹਿਚਾਨਣਾ ਕਿ ਤੁਸੀਂ ਉਸ ਨੂੰ ਜਾਣਦੇ ਹੋ ਜਾਂ ਫਿਰ ਕਿਸੇ ਵਸਤੂ ਨੂੰ ਜਾਣਨਾ ਅਤੇ ਨਾਲ ਹੀ ਇਹ ਦ੍ਰਿੜ੍ਹ ਹੋ ਜਾਣਾ ਕਿ ਤੁਸੀਂ ਉਸ ਨੂੰ ਨਹੀਂ ਜਾਣਦੇ ਇਹ ਗਿਆਨਵਾਨ ਵਿਅਕਤੀ ਦੇ ਲੱਛਣ ਹਨ ।"

**ਨੈਤਿਕਤਾ :-**

ਯੂ. ਕੁੰਗ ਨੇ ਮਹਾਤਮਾ ਕਨਫ਼ਿਊਸ਼ਸ ਨੂੰ ਪ੍ਰਸ਼ਨ ਕੀਤਾ 'ਕੋਈ ਇਕ ਸ਼ਬਦ ਦੱਸੋ ਜਿਸ ਅਨੁਸਾਰ ਸਾਰਾ ਜੀਵਨ ਠੀਕ ਢੰਗ ਨਾਲ ਬਿਤਾਇਆ ਜਾ ਸਕੇ" । ਅੱਗੋਂ ਜਵਾਬ ਮਿਲਿਆ" ਪਰਸਪਰਤਾ ਅਰਥਾਤ "ਜੋ ਕੁਝ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਨਾਲ ਨਾ ਹੋਵੇ, ਉਹ ਤੁਸੀਂ ਦੂਜਿਆਂ ਨਾਲ ਵੀ ਨਾ ਕਰੋ ।

"ਉਚੇਰਾ ਜੀਵਨ ਉਹ ਹੈ ਜਿਸ ਦਾ ਆਧਾਰਸ਼ਿਲਾ ਈਮਾਨਦਾਰੀ ਹੋਵੇ । ਜੇ ਕੋਈ ਮਨੁੱਖ ਈਮਾਨਦਾਰ ਨਹੀਂ ਤਾਂ ਇਹ ਕੇਵਲ ਇਕ ਕਰਾਮਾਤ ਹੈ ਕਿ ਉਹ ਜੀਵਤ ਹੈ।

"ਮਨੁੱਖ ਹੋਣਾ ਤੇ ਫਿਰ ਵਾਇਦੇ ਦਾ ਪੱਕਾ ਨਾ ਹੋਣਾ-- ਮੈਨੂੰ ਸਮਝ ਨਹੀ ਆਉਂਦੀ ਕਿ ਇਹ ਹੋਣ ਦੇ ਬਾਵਜੂਦ ਵੀ ਕੰਮ ਕਿਵੇਂ ਚਲਦਾ ਹੈ ।"

**ਰੀਤੀ ਰਿਵਾਜ :**

ਮੌਤ ਦੇ ਭਾਵ ਨੂੰ ਤੀਖਣ ਕਰਨਾ ਜਾਂ ਕੋਸ਼ਿਸ਼ ਕਰਨਾ ਕਿ ਮੋਇਆਂ ਨੂੰ ਜਿਉਂਦੇ ਸਮਝਿਆ ਜਾਵੇ, ਇਹ ਸਭ ਗੱਲਾਂ ਵਿਅਰਥ ਹਨ। ਇਸ ਲਈ ਪਰੰਪਰਾਗਤ ਕਰਨ ਵਿਚ ਬਾਂਸ਼ ਅਤੇ ਮਿੱਟੀ ਦੇ ਭਾਂਡੇ ਰੱਖਣ ਦਾ ਰਿਵਾਜ ਨਿਰਾਰਥਕ ਹੈ ਕਿਉਂਕਿ ਇਹ ਚੀਜ਼ਾਂ ਕਦੀ ਵੀ ਵਰਤੋਂ ਵਿਚ ਨਹੀਂ ਆ ਸਕਦੀਆਂ ।

ਜੂ ਲੂ ਕਹਿਣ ਲੱਗਾ "ਗਰੀਬ ਹੋਣਾ ਕਿੰਨਾ ਭਿਆਨਕ ਹੈ । ਜਦੋਂ ਮਾਪੇ ਜਿਉਂਦੇ ਹੁੰਦੇ ਹਨ, ਗਰੀਬ ਮਨੁੱਖ ਉਨ੍ਹਾਂ ਦੀ ਸੇਵਾ ਕਰਨ ਦੀ ਸਮਰਥਾ ਨਹੀਂ ਰੱਖਦਾ ਅਤੇ ਜਦੋਂ ਉਹ ਅਕਾਲ ਚਲਾਣਾ ਕਰਦੇ ਹਨ, ਤਾਂ ਉਨ੍ਹਾਂ ਦਾ ਮ੍ਰਿਤਕ ਸੰਸਕਾਰ ਵੀ ਨਹੀਂ ਕਰ ਸਕਦਾ।" ਮਹਾਤਮਾ ਕਨਫ਼ਿਊਸ਼ਸ ਨੇ ਉਤਰ ਦਿੱਤਾ" ਦੁਖੀ ਹੋਣ ਦੀ ਕੋਈ ਲੋੜ ਨਹੀਂ । ਕੇਵਲ ਦਾਲ ਦੀ ਤਰੀ ਅਤੇ ਸਵੱਛ ਜਲ ਕਿਸੇ ਮਨੁੱਖ ਦੇ ਮਾਪਿਆਂ ਨੂੰ ਮੁਕੰਮਲ ਤੌਰ ਤੇ ਖੁਸ਼ ਕਰਨ ਦੇ ਸਮਰੱਥ ਹੈ ਅਤੇ ਇਸ ਕਰਮ ਨੂੰ ਹੀ ਮਾਪਿਆਂ ਪ੍ਰਤੀ ਸਤਿਕਾਰ ਭਾਵਨਾ ਦਾ ਲਖਾਇਕ ਮੰਨਿਆ ਜਾਂਦਾ ਹੈ । ਮ੍ਰਿਤਕ ਸਰੀਰ ਨੂੰ ਸਿਰ ਤੋਂ ਪੈਰਾਂ ਤਕ ਢੱਕ ਦੇਣਾ ਅਤੇ ਫਿਰ ਕਫ਼ਨ ਤੋਂ ਬਿਨਾਂ ਦਫਨਾ ਦੇਣਾ ਇਹ ਕਿਸੇ ਮਨੁੱਖ ਦੇ ਸਾਧਨਾਂ ਅਨੁਸਾਰ ਹੈ, ਇਸ ਨੂੰ ਉਚਿਤ ਮੰਨਿਆ ਜਾਣਾ ਚਾਹੀਦਾ ਹੈ ।

ਜੂ ਕੁੰਗ ਨੇ ਮਹਾਤਮਾ ਕਨਫ਼ਿਊਸ਼ਸ ਤੋਂ ਪੁਛਿਆ ਕਿ ਅੰਤਮ ਸੰਸਕਾਰ ਦੇ ਸਬੰਧ ਵਿਚ ਉਸ ਦੀ ਕੀ ਰਾਏ ਹੈ ? ਅੱਗੋਂ ਉਸ ਨੂੰ ਜਵਾਬ ਮਿਲਿਆ, "ਮਾਪਿਆਂ ਪ੍ਰਤੀ ਸਤਿਕਾਰ ਭਾਵਨਾ ਰੱਖਣਾ ਬਹੁਤ ਉਤਮ ਗੱਲ ਹੈ, ਉਨ੍ਹਾਂ ਪ੍ਰਤੀ ਗਮਨਾਕ ਹੋਣਾ ਦੂਜੇ ਨੰਬਰ ਦਾ ਕਰਮ ਹੈ। ਇਸ ਸਿਲਸਿਲੇ ਵਿਚ ਸਰੀਰ ਨੂੰ ਕਸ਼ਟ ਦੇਣਾ ਸਭ ਤੋਂ ਘੱਟ ਮਹੱਤਵਪੂਰਨ ਕਰਮ ਹੈ ।

**ਸਹਿਜ :**

ਕਨਫ਼ਿਊਸ਼ਸ ਦੇ ਉਪਦੇਸ਼ਾਂ ਵਿਚ ਸਹਿਜ ਦੇ ਨਿਯਮ ਦੀ ਬਹੁਤ ਉਚੀ ਥਾਂ ਹੈ । ਸਹਿਜ ਕੀ ਹੈ ? ਇਸ ਬਾਰੇ ਕਨਫ਼ਿਊਸ਼ਸ ਦੇ ਵਿਚਾਰ ਨਿਮਨ ਲਿਖਤ ਹਨ :

"ਸਹਿਜ ਉਹ ਅਵਸਥਾ ਹੈ ਜਿਸ ਵਿਚ ਮਨੁੱਖ ਦੀਆਂ ਪ੍ਰਵਿਰਤੀਆਂ ਵਿਚ ਸੰਤੁਲਨ ਆਉਂਦਾ ਹੈ । ਮਨੁੱਖ ਵਿਚ ਹਰਖ, ਕਰੋਧ ਆਦਿ ਦੀਆਂ ਕਈ ਪ੍ਰਕਾਰ ਦੀਆਂ ਤਰੰਗਾਂ ਉਠਦੀਆਂ ਹਨ, ਜਿਥੇ ਇਨ੍ਹਾਂ ਸਭਨਾਂ ਵਿਚ ਸੰਤੁਲਨ ਹੋਵੇ, ਤਾਂ ਉਸ ਅਵਸਥਾ ਨੂੰ ਸਹਿਜ ਦੀ ਅਵਸਥਾ ਕਿਹਾ ਜਾਂਦਾ ਹੈ ।

ਇਸ ਨੂੰ ਚੀਨੀ ਭਾਸ਼ਾ ਵਿਚ ਚਿੰਗ ਕਿਹਾ ਜਾਂਦਾ ਹੈ । ਕਈ ਪ੍ਰਸਿਥਿਤੀਆਂ ਦੇ ਪ੍ਰਭਾਵ ਹੇਠ ਮਨੁੱਖ ਨੂੰ ਬਦਲਣਾ ਪੈਂਦਾ ਹੈ, ਪਰ ਜੇ ਇਸ ਦੌਰਾਨ ਸਾਰੀਆਂ ਪ੍ਰਵਿਰਤੀਆਂ ਇੱਕੋ ਜਿਹੇ ਅਨੁਪਾਤ ਨਾਲ ਬਦਲਣ, ਤਾਂ ਵੀ ਸਹਿਜ ਕਾਇਮ ਰਹਿੰਦਾ ਹੈ। ਬਦਲਣ ਦੀ ਪ੍ਰਵਿਰਤੀ

ਕੁਦਰਤੀ ਹੈ ਅਤੇ ਠੀਕ ਢੰਗ ਨਾਲ ਤੇ ਠੀਕ ਅਨੁਪਾਤ ਵਿਚ ਬਦਲਣ ਦੀ ਵਿਧੀ ਨੂੰ ਚੀਨੀ ਭਾਸ਼ਾ ਵਿਚ ਯੁੱਗ ਕਿਹਾ ਜਾਂਦਾ ਹੈ।

ਜਿਵੇਂ ਮਨੁੱਖਾਂ ਵਿਚ ਸਹਿਜ ਦੀ ਅਵਸਥਾ ਹੁੰਦੀ ਹੈ, ਇਵੇਂ ਹੀ ਸਮਾਜ ਵਿਚ ਵੀ ਸਹਿਜ ਦੀ ਅਵਸਥਾ ਕਾਇਮ ਕੀਤੀ ਜਾ ਸਕਦੀ ਹੈ । ਸਹਿਜ ਦਾ ਗੁਣ ਜਿਨ੍ਹਾਂ ਮਨੁੱਖਾਂ ਜਾਂ ਸੁਸਾਇਟੀਆਂ ਨੇ ਪ੍ਰਾਪਤ ਕੀਤਾ, ਉਹ ਸੱਚਮੁੱਚ ਹੀ ਬੜੇ ਮਹਾਨ ਹਨ । ਕਨਫ਼ਿਊਸ਼ਸ ਉਨ੍ਹਾਂ ਦੀ ਬਹੁਤ ਕਦਰ ਕਰਦੇ ਹਨ । ਸਹਿਜ ਅਵਸਥਾ ਦੀ ਪ੍ਰਾਪਤੀ ਲਈ ਤਿੰਨ ਗੁਣ ਅਰਥਾਤ ਸਿਆਣਪ, ਪ੍ਰੇਮ ਅਤੇ ਦਲੇਰੀ ਵਿਕਸਿਤ ਕਰਨੇ ਪੈਂਦੇ ਹਨ । ਇਸ ਸਬੰਧ ਵਿਚ ਚੁੰਗੇ ਯੁੰਗ ਜੋ ਕਨਫ਼ਿਊਸ਼ਸ ਦਾ ਪੋਤਰਾ ਸੀ, ਆਪਣੀ ਪੁਸਤਕ ਵਿਚ ਕਨਫ਼ਿਊਸ਼ਸ ਅਤੇ ਉਸ ਦੇ ਸ਼ਿਸ਼ ਜੁਲੂ ਵਿਚਕਾਰ ਇਕ ਵਾਰਤਾਲਾਪ ਨੂੰ ਕਲਮਬੰਧ ਕਰਦਾ ਹੈ, ਜੋ ਇਸ ਪ੍ਰਕਾਰ ਹੈ :

"ਜੂ ਲੂ ਨੇ ਕਨਫ਼ਿਊਸ਼ਿਸ ਤੋਂ ਪੁਛਿਆ" ਦਲੇਰੀ ਕੀ ਹੁੰਦੀ ਹੈ ? ਕਨਫ਼ਿਊਸ਼ਿਸ ਨੇ ਜਵਾਬ ਦਿੱਤਾ" ਕਿ ਤੁਸੀਂ ਦੱਖਣ ਦੀ ਦਲੇਰੀ ਬਾਰੇ ਪੁਛਦੇ ਹੋ ਕਿ ਉੱਤਰ ਦੀ ਦਲੇਰੀ ਬਾਰੇ ਜਾਂ ਅਜਿਹੀ ਦਲੇਰੀ ਬਾਰੇ ਜੋ ਤੁਸੀ ਆਪ ਅਪਣਾਉਣਾ ਚਾਹੁੰਦੇ ਹੋ।"

"ਦੂਜਿਆਂ ਨੂੰ ਸਮਝਾਉਣ ਹਿਤ ਸਬਰ ਅਤੇ ਪਿਆਰ ਤੋਂ ਕੰਮ ਲੈਣਾ ਅਤੇ ਅਯੋਗ ਵਤੀਰੇ ਤੋਂ ਵੀ ਨਾ ਖਿੱਝਣਾ ਇਹ ਦਲੇਰੀ ਹੈ ਉਨ੍ਹਾਂ ਲੋਕਾਂ ਦੀ ਜੋ ਦੱਖਣੀ ਖੰਡ ਵਿਚ ਰਹਿਦੇ ਹਨ ਅਤੇ ਇਹ ਭਦਰ ਪੁਰਸ਼ਾਂ ਦੀ ਦਲੇਰੀ ਹੈ । ਹਥਿਆਰਬੰਦ ਮੁਕਾਬਲੇ ਵਿਚ ਬਿਨਾਂ ਕਿਸੇ ਝਿਜਕ ਦੇ ਮਰਨਾ, ਇਹ ਦਲੇਰੀ ਹੈ ਉੱਤਰ ਖੰਡ ਦੇ ਲੋਕਾਂ ਦੀ । ਇਹ ਕੰਮ ਹੈ ਖਰਵੇ ਆਦਮੀਆਂ ਦਾ ।

ਪਰੰਤੂ ਸਦ-ਭਾਵੀ ਮਨੁੱਖ ਦਲੇਰੀ ਪ੍ਰਾਪਤ ਕਰਨ ਲਈ ਅਨੋਖਾ ਰਾਹ ਅਪਣਾਉਂਦਾ ਹੈ । ਮਨ ਦਾ ਕਮਜ਼ੋਰ ਨਹੀਂ ਹੁੰਦਾ, ਪਰ ਦੂਜਿਆਂ ਨਾਲ ਮਿੱਤਰਤਾ ਪਾਉਂਦਾ ਹੈ । ਇਹ ਦਲੇਰੀ ਕਿੰਨੀ ਸੁਚੱਜੀ ਹੈ । ਉਹ ਮਧ-ਮਾਰਗ ਅਪਣਾਉਂਦਾ ਹੈ, ਨਾ ਇਧਰ ਝੁਕਦਾ ਹੈ ਤੇ ਨਾ ਉਧਰ ।

"ਕਨਫ਼ਿਊਸ਼ਿਸ ਹੁਈ (Hui) ਨਾਂ ਦੇ ਵਿਅਕਤੀ ਦੀ ਬਹੁਤ ਪ੍ਰਸ਼ੰਸਾ ਕਰਦੇ ਹਨ ਕਿਉਂਕਿ ਉਸ ਨੇ ਸਹਿਜ ਦੀ ਅਵਸਥਾ ਨੂੰ ਪਛਾਣਿਆ । ਜਦੋਂ ਉਸ ਨੂੰ ਕਿਤੋਂ ਚੰਗਿਆਈ ਲੱਭੀ ਉਸ ਨੂੰ ਉਸ ਨੇ ਆਪਣੇ ਚਿੱਤ ਵਿਚ ਬਿਠਾ ਲਿਆ ਤੇ ਕਦੀ ਵੀ ਉਸ ਨੂੰ ਤਿਆਗਿਆ ਨਹੀਂ।"

******